
ਮੈਂ ਲਿਖਦਾ ਇਸ ਕਰਕੇ



ਮੈਂ ਲਿਖਦਾ ਇਸ ਕਰਕੇ

ਅਮਰਜੀਤ ਸਿੰਘ ਗਿੱਲ

Mai Likhda Is Karkey
Poems
© Amarjit Singh Gill
75-A
Chapman Road
BENTLey 6101 (AUSTRALIA)
+61-4133 61624
Email: aus_da_amli@yahoo.com.au
Village Jaitpur
Hoshiarpur (INDIA)

2015

Price $15

Title: Janmeja Johl
janmeja@gmail.com

Printed At
Asia Visions
Punjab

ਸਮਰਪਣ

ਪਿੰਗਲਵਾੜਾ ਦੇ ਬਾਨੀ
ਭਗਤ ਪੂਰਨ ਸਿੰਘ ਜੀ
ਦੀ ਮਾਨਵਪੱਖੀ ਸੋਚ ਨੂੰ

ਤਰਤੀਬ

9 ਕਵਿਤਾ ਲਿਖਣੀ ਚਾਹੁੰਦਾ ਹਾਂ
11 ਗੁਲਾਮ ਦੇਸ਼
13 ਮੈਂ ਦੀਪ ਹਾਂ
16 ਆਖਰੀ ਨਿਸ਼ਾਨੀ
18 ਇਕ ਗੱਲ ਹਿਰਦੇ ਦੀ
21 ਤੋਹਫ਼ਿਆਂ ਵਰਗੇ ਜ਼ਖ਼ਮ
23 ਔਰਤ
25 ਪਰਿੰਦੇ
27 ਅੰਬੀਆਂ ਨੂੰ ਬੂਰ
29 ਇਕ ਇਨਸਾਨ
32 ਪਿੰਡ ਦੀ ਦਾਤ
34 ਆਵਾਜ਼
36 ਵੇਕ ਅਪ ਕਾਲ
39 ਕਲਯੁੱਗ
41 ਬਹੁਤ ਪੁਰਾਣਾ ਵਕਤ
43 ਪਿੰਡ ਦੀ ਖੁਸ਼ਬੂ
45 ਕਵਿਤਾ ਕੀ ਹੈ।
47 ਕੁਝ ਮੋਤੀ ਤੇਰੇ ਲਈ
49 ਹਾਲ
51 ਜਿੰਦਗੀ
53 ਮਾਂ
55 ਲਿਖਦਾ ਇਸ ਕਰਕੇ
57 ਦਿਲ ਦੇ ਨੇੜੇ
59 ਮਹਿਸੂਸ
61 ਕਲਯੁੱਗ
63 ਬਾਬਾ ਨਾਨਕ
65 ਇਨਸਾਨ ਨਹੀਂ ਹੈਵਾਨ ਹੈ
67 ਰਾਂਝਾ
68 ਨਿਕੰਮੀ ਸੋਚ
69 ਸੱਜਦਾ ਹੈ ਤੇਰੇ ਸ਼ਹਿਰ ਨੂੰ
70 ਕਾਹਨਿਆਂ ਦੀ ਛੱਤ
72 ਪੈਸਾ
73 ਸਤਿ ਸ੍ਰੀ ਅਕਾਲ
75 ਸਾਵਧਾਨ ਤਕਦੀਰੇ
76 ਰਿਸ਼ਤਾ ਪਹਿਲਾ ਪਿਆਰ
77 ਦਿਲ ਦੇ ਨੇੜੇ
79 ਖੂਬਸੂਰਤ ਨਜ਼ਾਰਾ (ਅਹਿਸਾਸ)
81 ਅੰਜਾਮ
82 ਮਿਰਝਾ
83 ਕਾਮਾਗਾਟਾਮਾਰੂ
84 ਪ੍ਰਦੇਸੀ ਦੀ ਮਾਂ
85 ਡਰ ਹੈ ਚਾਹਤ ਸੇ
86 ਹਿੰਦੀ ਪਾਕਿ ਲਫ਼ਜ
87 ਭਾਗ ਦੂਜਾ
88 ਕਿਹੜਾ ਜਾਣੇ ਅਖਾਂ ਤੇਰਿਆਂ ਰੰਗਾਂ ਨੂੰ
89 ਵੋਹ ਤੋ ਥੇ ਏਕ ਕਲਾਮ
90 ਡਰਦਾ ਨਹੀਓ ਟੋਕੀਓ ਚੀਨ ਦੀਆਂ ਦੀਵਾਰਾਂ
91 ਬਾਬਾ ਨਾਨਕ ਤੇ ਭਾਈ ਮਰਦਾਨਾ
92 ਵਾਹਿਗੁਰੂ
93 ਪਰਦੇਸ
94 ਪੜ ਕੇ ਪਹਾੜਾ ਜਿੰਦਗੀ ਦਾ
95 ਬੀਬੀਸੀ ਤੇ ਇੰਟਰਵਿਊ ਆਉਂਦੀ
96 ਸੂਟ ਬੂਟ ਤੇ ਟਾਈ
97 ਸੁਪਨਾ ਜਦ ਵੀ ਲੈਂਦਾ ਹਾਂ
98 ਜ਼ਬਲੀ
99 ਸਰਦਾਰ ਹੋ ਜਾਣਾ ਏ
100 ਕੁਛ ਲੋਗ ਜਿੰਦਗੀ ਮੇਂ ਆਤੇ ਹੈਂ
101 ਵਾਹ ਚੱਲਦੀ ਸੀ ਸ਼ਰੀਕਾਂ ਦੀ
102 ਕਦੇ-ਕਦੇ ਹੀ ਤੇਰੀ ਯਾਦ ਹੁਣ ਆਵੇ
103 ਸੁਪਨੇ ਜਿਹਨਾਂ ਦੇ
104 ਕਦੇ ਚੁੱਕ ਤਲਵਾਰਾਂ ਆ ਜਾਂਦੇ
105 'ਤਾਗ ਤੀਜਾ'
105 ਹੋ ਗਈ ਜਵਾਨ
106 ਵਿੱਚ ਬਚਪਨ ਦੇ ਮਾਂ ਤੁਰਜੇ
106 ਜਹਿਰ- ਏ- ਇਸ਼ਕ ਹੈ
107 ਦੋ ਤਰਫੀ ਜਿਹੀ ਜਿੰਦਗੀ ਦਿੱਤੀ
107 ਮੈਂ ਮਸ਼ਹੂਰ ਹੋ ਜਾਣਾ
108 ਇਹ ਜਮਾਨਾ ਦਹਿਸ਼ਤਗਰਦੀ ਦਾ
108 ਬੰਨਿਆਂ ਤੇ ਹੁੰਦੀਆਂ ਨੇ ਰਾਤਾਂ ਗੁਜਾਰੀਆਂ
109 ਸਮੇਂ ਬਦਲ ਜਾਂਦੇ ਨੇ
109 ਹਰਫ ਇਸ਼ਕ ਦੇ ਲਿੱਖ ਕੇ , ਗਾ ਕੇ
110 ਜਿੰਦਗੀ ਲੁਹਾਰਾਂ ਦੀ ਹੁੰਦੀ
110 ਗੱਲ ਅੱਜ ਚੇਤੇ ਆਈ
111 ਮੈਂ ਭਗਤ ਸਿੰਘ ਦਾ ਵੀਰ ਕਹਾਉਂਦਾ
111 ਰੇਗਿਸਤਾਨ ਜਿਹੀ ਧਰਤੀ ਵਾਂਗੂ
112 ਸੁਪਨੇ ਚ ਆ ਕੇ ਸੀ
112 ਨਿੱਘਾ ਪਿਆਰ ਸਰੋਤੇ ਉਦੋਂ ਦੇਣਗੇ
113 ਰੱਬ ਦੀ ਬਰੀਕ ਸੁੰਦਰਤਾ ਨੂੰ
113 ਸ਼ਬਦਾਂ ਦਾ ਪਰਛਾਵਾਂ ਵੀ
114 ਕਿੰਨੇ ਦਿਨ ਤੇ ਕਿੰਨੀਆਂ ਰਾਤਾਂ
114 ਇਹ ਤਾਂ ਪਤਾ ਨਹੀਂ ਕਿ
115 ਕਿੰਨਾ ਬੋਝ ਹੋਵੇਗਾ ਰੂਹ ਉਤੇ
115 ਮਰਦਾ ਰਿਹਾ ਮੈਂ ਚੰਗੀ ਜਿੰਦਗੀ ਦੀ ਭਾਲ
115 ਮੈਂ ਸਰਦਾਰ ਹਾਂ ਤੇਰੇ ਸੁਪਨਿਆਂ ਦਾ
116 ਕੀ ਹੋਇਆ ਜੇ ਖੇਤ ਮੇਰੇ ਨੂੰ
116 ਉਡਦੇ ਖੰਭਾਂ ਦੀਆਂ
117 ਉਸ ਨਾਦਾਨ ਆਯੂ ਮੇਂ
117 'ਜਿਹਤੀ ਮਤਲਬ ਲਈ ਜਿੰਦਗੀ ਜਿਉਦੇ ਨੇ
117 ਕਫਨ ਮੇ ਤੋ ਲਿਪਟ ਕਰ
118 ਦੁਆ ਹੈ ਤੁਜਸੇ ਕਿ
118 ਕੰਧ ਤੇਰੀ ਝੂਠ ਵਾਲੀ
119 ਵੋਹ ਬਾਤ ਹਮ ਸੇ ਨਾ ਕਰਤੇ ਹੈ

ਮੈਂ ਲਿਖਦਾ ਇਸ ਕਰਕੇ

ਸਾਹਿਤ ਦੀ ਲੀਹ ਉਤੇ ਨਵਾਂ ਰਾਹੀਂ ਹੋਣ ਕਰਕੇ ਜਾਣਕਾਰੀ ਦੇਣੀ ਜਰੂਰੀ ਹੈ, ਮੇਰਾ ਨਾਮ ਅਮਰਜੀਤ ਸਿੰਘ ਗਿੱਲ, ਪਿੰਡ ਜੈਤਪੁਰ, ਜਿਲ੍ਹਾ ਹੁਸ਼ਿਆਰਪੁਰ ਦਾ ਵਸਨੀਕ ਹਾਂ।

ਦੁਨੀਆਵੀ ਅਤੇ ਕੁਦਰਤੀ ਜ਼ਜ਼ਬਿਆਂ ਨੂੰ ਇੱਕ ਵੱਖਰੇ ਅੰਦਾਜ ਨਾਲ ਵੇਖਣਾ ਅਤੇ ਉਨ੍ਹਾਂ ਮੂਰਤਾਂ ਦੇ ਪ੍ਰਭਾਵ ਨੂੰ ਅੱਖਰਾਂ ਵਿਚ ਤਬਦੀਲ ਕਰਨਾ ਮੈਨੂੰ ਸ਼ੁਰੂ ਤੋਂ ਹੀ ਸਕੂਨ ਦੇ ਰਿਹਾ ਹੈ। ਵਡੇਰਿਆਂ ਦੀ ਜ਼ਿੰਦਗੀ ਵਿਚ ਨਿਗਾਹ ਮਾਰਨੀ ਅਤੇ ਮਿਲਦੀ ਸਿੱਖਿਆ ਬਾਰੇ ਲਿਖਣਾਂ ਜਾਂ ਵਿਛੜ ਗਈਆਂ ਰੂਹਾਂ ਦੇ ਦਰਦ ਨੂੰ ਪ੍ਰਗਟਾਉਣ ਦਾ ਸੰਕੇਤ ਕਰਨਾ, ਮੇਰੀ ਲਿਖਤ ਦਾ ਮੂਲ ਬਿੰਦੂ ਰਿਹਾ ਹੈ, ਸੁਪਨਿਆਂ ਵਿਚਲੇ ਉਲਝੇ ਸਵਾਲਾਂ ਦਾ ਮੈਨੂੰ ਉਬਾੜ ਕੇ ਉਠਾਉਣਾ ਤੇ ਤੂਫਾਨ ਬਣਕੇ ਕਵਿਤਾ ਦਾ ਖਿਆਲਾਂ ਵਿਚ ਆਉਣਾ ਜਿਵੇਂ ਕੋਈ ਕੁਝ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਫਿਰ ਉਨ੍ਹਾਂ ਝਾਕੀਆਂ ਨੂੰ ਮੇਰੇ ਵੱਲੋਂ ਕਵਿਤਾ ਦਾ ਰੂਪ ਦੇਣਾ ਅਤੇ ਸਵੇਰੇ ਉੱਠ ਕੇ ਪੜਨਾ ਮੈਨੂੰ ਹਮੇਸ਼ਾ ਜਿੰਦਗੀ ਤੋਂ ਦੂਰ ਕੋਈ ਹਸੀਨ ਪਲ ਯਾਦ ਕਰਵਾ ਦਿੰਦਾ ਹੈ। ਮੈਂ ਚਾਹੁੰਦਾ ਹਾਂ ਕਿ ਕਵਿਤਾ ਪ੍ਰੇਮੀ ਮੇਰੇ ਸੁਪਨਿਆਂ ਵਿਚਲੀ ਜਿੰਦਗੀ ਦੇ ਪਰਿਵਰਤਨ ਨੂੰ ਪੜ ਕੇ ਉਹੀ ਹਸੀਨ ਪਲ ਮਹਿਸੂਸ ਕਰ ਸਕਣ ਜੋ ਮੈਂ ਕਰਦਾ ਆ ਰਿਹਾ ਹਾਂ।

ਜਦੋਂ ਵੱਗਦਾ ਹੈ ਹੜ੍ਹ ਸੋਚਾਂ ਦਾ
ਪਹਾੜ ਸ਼ਬਦਾਂ ਦੇ ਮੂੰਹਦੇ ਹੋ ਜਾਵਣ
ਮਾਰ ਝੁੱਪਕੀ ਹੈ
ਗਿੱਲ ਉੱਠ ਖੜਦਾ
ਕਿਤੇ ਸੁਪਨਿਆਂ ਵਿਚ ਹੀ
ਨਾ ਖੋ ਜਾਵਣ।

ਦੂਜੇ ਪਾਸੇ ਮੇਰੀਆਂ ਲਿਖਤਾਂ ਵਿਚ ਕੁਝ ਕਵਿਤਾਵਾਂ, ਸ਼ੇਅਰ ਅਤੇ ਗੀਤ ਪ੍ਰੇਮ, ਇਸ਼ਕ ਅਤੇ ਗਰੀਬੀ ਅਤੇ ਲੋਕ ਹਿੱਤਾਂ ਦੀ ਵੀ ਗੱਲ ਕਰਦੇ ਹਨ। ਇਸਦੇ ਨਾਲ ਹੀ

ਆਪ ਜੀ ਨੂੰ ਲੋਕਵਾਦ, ਸਮਾਜਵਾਦ ਅਤੇ ਸਰਕਾਰੀ ਧੱਕਿਆਂ ਦਾ ਵਰਨਣ ਵੀ ਕਵਿਤਾ ਵਿਚ ਜ਼ਰੂਰ ਮਿਲੇਗਾ।

ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਦੀ ਧਰਤੀ ਉੱਤੇ ਜਨਮ ਮਿਲਿਆ ਹੈ, ਪੰਜਾਬੀ ਹੋਣ ਤੇ ਬਹੁਤ ਮਾਣ ਮਹਿਸੂਸ ਹੁੰਦਾ ਹੈ ਪਰ ਉਸਤੋਂ ਵੀ ਵੱਧ ਮਾਣ ਪੰਜਾਬੀ ਸਾਹਿਤ ਨਾਲ ਜੁੜਿਆ ਹੋਣ ਕਾਰਨ ਹੁੰਦਾ ਹੈ। ਸਵੇਰੇ ਉੱਠ ਕੇ ਰਾਤ ਸੌਂ ਜਾਣਾ ਜਿੰਦਗੀ ਨਹੀਂ ਹੈ, ਸਿੱਖਣਾ ਇਕ ਜਿੰਦਗੀ ਹੈ, ਆਪਣੀ ਮਿਲੀ ਹੋਈ ਸਿੱਖਿਆ ਵਿਚੋਂ ਲਿਖਦਾ ਰਹਾਂਗਾ ਅਤੇ ਵੱਧ ਸਿੱਖਣ ਲਈ ਕੋਸ਼ਿਸ਼ ਕਰਾਂਗਾ।

ਮੇਰੀ ਕਲਮ ਤੋਂ ਕਿਤੇ ਗਲਤੀ ਹੋਈ ਹੋਵੇ ਤਾਂ ਮਾਫ਼ੀ ਦਾ ਜਾਚਕ ਹੋਵਾਂਗਾ ਪਰ ਪੂਰੀ ਕੋਸ਼ਿਸ਼ ਕਰਾਂਗਾ ਕਿ ਆਪਣੀ ਮਾਂ ਬੋਲੀ ਪੰਜਾਬੀ ਵਾਂਗਰਾਂ ਆਪਣੀ ਲਿਖਤ ਨੂੰ ਵੀ ਸੁੱਚੀ ਅਤੇ ਮਿਠਾਸ ਭਰੀ ਰੱਖਾਂ।

ਅਮਰਜੀਤ ਸਿੰਘ ਗਿੱਲ
ਪਿੰਡ ਜੈਤਪੁਰ
ਜ਼ਿਲ੍ਹਾ ਹੁਸ਼ਿਆਰਪੁਰ
98728-05714
97799-05714
ਈਮੇਲ- aus_da_amli@yahoo.com.au

*

ਕਵਿਤਾ ਲਿਖਣੀ ਚਾਹੁੰਦਾ ਹਾਂ

ਕਵਿਤਾ ਲਿਖਣੀ ਚਾਹੁੰਦਾ ਹਾਂ
ਉਹਨਾ ਮਰਦਾ ਦਲੇਰਾਂ ਤੇ
ਕੌਮ ਗਰਕਦੀ ਬਚਾਉਣ ਮੇਰੀ
ਭਰੋਸਾ ਹੈ, ਕੌਮੀ ਸ਼ੇਰਾਂ ਤੇ।

ਕਦੋਂ ਅਣਖੀ ਯੋਧਿਆਂ ਦਾ
ਇਕ ਪੇਜ ਬਣਾਵਾਂ ਮੈਂ
ਕਿੱਦਾਂ ਮਿਲੀ ਆਜਾਦੀ ਸੀ
ਲਿੱਖ ਸਟੇਸਟ ਪਾਵਾਂ ਮੈਂ
ਉਦੋਂ ਲਾਈਕ ਤਾਂ ਵੱਜਣੇ ਨਹੀਂ
ਸ਼ਾਇਦ ਪੜ ਕੇ ਗਿਆਨ ਆਵੇ
ਕੋਈ ਸਿੱਧ ਰਾਹੇ ਪੈਜਾਊਗਾ
ਕੰਮ ਐਸਾ ਵਿਗਿਆਨ ਆਵੇ
ਚੁੱਕ ਝੋਲੀ ਪਾਵਾਂਗਾ
ਮਾਣ ਰਹੇ ਭੁੱਲੇ ਬੇਰਾਂ ਤੇ
ਕਵਿਤਾ ਲਿਖਣੀ ਚਾਹੁੰਦਾ ਹਾਂ
ਉਹਨਾਂ ਮਰਦ ਦਲੇਰਾਂ ਤੇ

ਕਦੇ ਪੜ ਇਤਿਹਾਸ ਦੇਖਿਓ
ਉਨ੍ਹਾਂ ਕਿੱਦਾਂ ਪਰਿਵਾਰ ਵਾਰੇ
ਐਨਾ ਜੋਸ਼ ਸੀ ਜ਼ਜ਼ਬੇ ਦਾ
ਬੁਢਾਪਾ-ਬਚਪਨ-ਜਵਾਨੀ
ਤਿੰਨੇ ਕੁਰਬਾਨੀ ਰਾਹ ਤਾਰੇ
ਖੂਨ ਖੌਲੇ ਸੁਣਕੇ ਕਹਾਣੀਆਂ ਨੂੰ

ਸਿਰ ਝੁਕਦਾ ਮੂਹਰੇ ਸ਼ੇਰਾਂ ਦੇ
ਕਵਿਤਾ ਲਿਖਣੀ ਚਾਹੁੰਦਾ ਹਾਂ
ਉਨ੍ਹਾਂ ਮਰਦ ਦਲੇਰਾਂ ਤੇ

ਕੌਮ ਦਾ ਸਫ਼ਰ ਗਿੱਲਾ

ਕਿਹੜੇ ਰਾਹ ਤੋਂ ਤੁਰਿਆ ਏ
ਕਿਹੜੀ ਮੰਜਿਲਾ ਤੇ ਪਹੁੰਚ ਗਿਆ
ਮਨ ਸੋਚ ਕੇ ਖੁਰਿਆ ਏ
ਤੱਤੀ ਤਵੀ ਤੋਂ ਲੈਕੇ ਫਾਂਸੀ ਤੱਕ
ਯੋਧਿਆਂ ਦੇ ਸੰਘਰਸ਼ ਤਸ਼ਦਦ ਨੂੰ
ਚੱਕ ਕਲਮ ਕਾਪੀ ਤੇ ਫੇਰਾਂ ਮੈਂ

ਕਵਿਤਾ ਲਿਖਣੀ ਚਾਹੁੰਦਾ ਹਾਂ
ਉਹਨ੍ਹਾਂ ਮਰਦ ਦਲੇਰਾਂ ਤੇ।

*

ਗੁਲਾਮ ਦੇਸ਼

ਭੌਰੇ ਜਿਸ ਫੁੱਲ ਨੂੰ ਦੇਖਕੇ ਹੱਸਦੇ ਰਹੇ
ਨਹੀਂ ਪਤਾ ਸੀ,
ਇਹੀ ਫੁੱਲ ਇਕ ਦਿਨ ਜਾਨ ਕੱਢ ਲਵੇਗਾ
ਸੂਟ, ਬੂਟ ਪਾ ਕੇ ਜਿਹੜਾ ਖੜ੍ਹਾ ਮੰਗਤਾ
ਸਟੇਜ਼ ਉਤੇ ਚੜ੍ਹਕੇ ਕੀ ਜਨਤਾ ਨੂੰ ਦੇਵੇਗਾ।

ਨਸ਼ਿਆਂ ਦੇ ਨਾਵਾਂ ਨੂੰ
ਮੋਟਰ ਵਰਗੀਆਂ ਥਾਵਾਂ ਨੂੰ
ਵੈਰਾਗ ਪਾਉਂਦੀਆਂ ਮਾਵਾਂ ਨੂੰ
ਦੇਖ ਅੱਖਰਾਂ ਨੇ ਰਲ ਕੇ
ਕਿਤਾਬ ਮੂਹਰੇ ਰੱਖੀ ਐ
ਪੜ ਕੇ ਦੇਖਿਓ
ਛੋਟੀ ਉਮਰੇ ਪੁੱਤ ਦੀ
ਕਿਉਂ ਅਰਥੀ ਪਿਓ ਨੇ ਚੱਕੀ ਐ।

ਵੋਟਾਂ ਪਾ ਕੇ ਇਕ ਨੂੰ
ਕੋਈ ਵਿਕਾਸ ਨਹੀਓ ਹੋਣਾਂ
ਜੰਨਤਾ ਤਾਂ ਆਮ ਰਹਿਣੀ
ਕੋਈ ਖਾਸ ਨਹੀਓ ਹੋਣਾ

ਜੇਲ੍ਹਾਂ ਵਿਚ ਜੋ ਚਲੇ ਗਏ
ਭੁੱਖ ਹੜਤਾਲਾਂ ਬਾਵਜੂਦ ਵੀ
ਨਾ ਘਰੇ ਪਰਤਦੇ ਨੇ
ਕਾਲੇ ਦਿਲਾਂ ਵਾਲੇ ਸ਼ਰੇਆਮ

ਚਿੱਟੇ ਰੰਗ ਦਾ ਅਸਲਾ ਵਰਤਦੇ ਨੇ।

ਜਿਵੇਂ ਈਸਟ ਇੰਡੀਆ ਦੁਆਰਾਂ ਆਈ ਹੋਵੇ
ਸਕੀਮ ਸਰਕਾਰਾਂ ਨਵੀਂ ਚਲਾਈ ਹੋਵੇ
100 ਸਾਲ ਅਧੂਰੇ ਨੇ ਬੇੜਾ ਤਰਦੇ ਨੂੰ
ਗਰਕ ਦੁਬਾਰਾ ਤਮਾਮ ਹੋ ਰਿਹਾ ਏ
ਸੱਟਾ ਜਿੰਦਗੀ ਤੇ ਲੱਗਣਾਂ
ਬੱਸ ਆਮ ਹੋ ਰਿਹਾ ਏ
ਕਲਮ ਗਿੱਲ ਦੀ ਵਿਚ ਜੇ
ਗੌਰ ਕਰਿਓ

ਭਾਰਤ ਫਿਰ ਗੁਲਾਮ ਹੋ ਰਿਹਾ ਏ।

*

ਮੈਂ ਦੀਪ ਹਾਂ

ਮੈਂ ਉਹੀ ਵਾਲਾ ਦੀਪ ਹਾਂ
ਜਿਸਦੀ ਮੁਰਾਦ ਮੰਗ ਕੇ
ਤੂੰ ਜਿਹਨੂੰ ਹੀ ਜਲਾ ਦਿੱਤਾ
ਸ਼ਾਹਿਦ ਕਦੇ ਤੂੰ ਮੈਨੂੰ ਲੱਭਣ ਲੇਈ
ਫਿਰ ਦੁਬਾਰੇ ਆਵੇਂਗੀ
ਇਸੇ ਆਸ ਵਿਚ ਰਿਹਾਂ ਬਲ ਨੀ
ਸੋਚਿਆ ਸੀ ਕਦੇ ਤੂੰ ਅੱਜ ਮੇਰਾ ਬਣੇਗੀ
ਅਸਲ ਵਿਚ ਮੈਂ ਤਾਂ ਤੇਰਾ ਬੀਤ ਚੁੱਕਾ ਕੱਲ੍ਹ ਸੀ

ਮੈਨੂੰ ਇੱਕ ਥਾਂ ਤੇ ਬੈਠਿਆਂ
ਬਹੁਤ ਸਮਾਂ ਹੋ ਗਿਆ
ਸੋਚਿਆ ਰੱਬ ਨੂੰ ਫਕੀਰ ਜਾਪਦਾ ਹੋਵਾਂਗਾ
ਇਹ ਜਾਣ ਉਹੀਦੇ ਲਈ ਮੰਗੀ ਫਰਿਆਦ ਹੈ
ਉਸ ਤੁਰ ਗਈ ਕੁੜੀ ਦਾ
ਸਿਰਨਾਵਾਂ ਤਾਂ ਮੇਰੇ ਕੋਲ ਹੈ ਨਹੀਂ
ਲੇਕਿਨ ਜਿਹਨੂੰ ਕਦੇ ਆਪਣੀ
ਲੋ ਕਰਕੇ ਦੇਖਦਾ ਸੀ ਹੁੰਦਾ
ਓਹ ਪਰਛਾਵਾਂ ਜ਼ਰੂਰ ਯਾਦ ਹੈ।

ਓਹਦੇ ਸਜਦੇ ਨੈਣਾਂ ਨੂੰ ਦੇਖਣ ਲਈ
ਮੈਂ ਦੀਪ ਹੁੰਦਾ ਸੀ ਜਾਗਦਾ
ਸਾਰੀ ਸਾਰੀ ਰਾਤ ਲੰਘ ਜਾਂਦੀ
ਫਿਰ ਵੇਲਾ ਆਉਂਦਾ ਭਰਵਾਤ ਦਾ
ਮੈਂ ਆਪਣਾ ਮੁੱਖ ਕਾਲਾ ਸੀ ਕਰਦਾ

ਉਹਨੂੰ ਲੋ ਖੁਸ਼ੀਆਂ ਦੀ ਕਰਨ ਲਈ
ਹਨੇਰਾ ਗਮਾਂ ਵਾਲਾ
ਆਪਣੇ ਵੱਨੇ ਲਕੋ ਲੈਂਦਾ ਸੀ
ਉਹਦੇ ਹਿਰਦੇ ਦੀ ਖਬਰੇ ਮੋਲਾ ਜਾਣੇ
ਪਰ ਮੈਂ ਤਾਂ ਮਨੋ ਮਨੀ
ਉਹਦਾ ਹੋ ਲੈਂਦਾ ਸੀ।

ਸ਼ਾਹਿਦ ਉਹਨੂੰ ਚਾਨਣੀ ਨੀ ਦਿੱਸੇ
ਮੇਰੀ ਥੋੜੀ ਜਿਹੀ ਲੋ ਤੋਂ
ਉਹ ਠੰਡ ਸੀ ਹਿਮਾਲਿਆ ਦੀ
ਗਰਮ ਬਹੁਤ ਹੋਣਾ ਮੈਂ
ਉਹ ਡਰਦੀ ਸੀ ਛੋਹ ਤੋਂ
ਚੱਲੀ ਠੰਢੀ ਬਣਕੇ ਵਾਅ
ਮੈਨੂੰ ਕਰ ਗਈ ਤਬਾਹ
ਦੀਪ ਬਲਦਾ ਦੇਖ, ਪਾਸੇ ਖੜ੍ਹ ਨਾ ਸਕੀ
ਮੈਂ ਜੱਗ ਕੇ ਉਮਰ ਬਿਤਾ ਦਿੱਤੀ
ਉਹ ਪਰਵਾਨਾ ਬਣ ਸੜ ਨਾ ਸਕੀ

ਭੁੱਲ ਬੈਠਾ ਸੀ ਅਮਰਜੀਤ
ਔਕਾਤ ਦੇ ਸਲੀਕ ਨੂੰ
ਮੈਂ ਤਾਂ ਚੰਦ ਬਣ ਬੈਠਾ ਸੀ
ਭੁਲਾ ਕੇ ਵਿਚਲੇ ਦੀਪ ਨੂੰ
ਸੱਜਣ ਚਲਾਕ ਸੀ ਗਿੱਲ
ਉਹਨ੍ਹਾਂ ਤਾ ਬੱਸ ਰਾਤ ਕਟਣੀ ਸੀ
ਚੜ੍ਹਦੇ ਦਿਨ ਹੀ ਆਪਣੇ ਕੰਮਾਂ ਵਿਚ
ਰੁੱਝ ਹੀ ਜਾਣਾ ਸੀ

ਦਿਨ ਦੇ ਉਜਾਲੇ ਵਿਚ ਤੇਰੀ ਕੀਹਨੇ ਬਾਤ ਪੁੱਛਣੀ ਸੀ
ਰਾਤ ਦਾ ਸ਼ਰੀਕ ਸੀ
ਬਲਦਾ ਦੀਪ ਸੀ
ਇਕ ਦਿਨ ਬੁਝ ਹੀ ਜਾਣਾ ਸੀ
ਇਕ ਦਿਨ ਬੁਝ ਹੀ ਜਾਣਾ ਸੀ।

*

ਆਖਰੀ ਨਿਸ਼ਾਨੀ

ਉਹ ਰੂਹਾਂ ਵਾਲਾ ਪਿਆਰ ਮਹਿਸੂਸ ਕਰ
ਦੂਰੋਂ ਤੱਕ ਕੇ ਤੈਨੂੰ ਖੁਸ਼ ਹੋ ਲੈਂਦਾ ਸੀ
ਤੇਰੇ ਤੱਕ ਆਉਣ ਦੀ ਔਕਾਤ ਨਹੀਂ ਸੀ
ਇਹੀ ਗੱਲ ਸੋਚ
ਜ਼ਜ਼ਬਾਤ ਰੋਕ ਲੈਂਦਾ ਸੀ

ਤੈਨੂੰ ਕੋਲ ਹੋ ਕੇ ਵੀ ਜਾਣਿਆਂ
ਜਿਸ ਸੁੱਖ ਦੇ ਸੁਪਨੇ ਲਏ ਸੀ ਗਿੱਲ
ਉਹ ਅਕਸਰ ਸੁਪਨਿਆਂ ਵਿਚ ਹੀ ਮਾਣਿਆਂ
ਤੇਰੀ ਸੋਚ ਸ਼ੌਹਰਤਾਂ ਵਾਲੀ ਨੇ
ਤੈਨੂੰ ਪਿਆਰ ਦਾ ਅਹਿਸਾਸ ਨਾ ਹੋਣ ਦਿੱਤਾ
ਤੈਨੂੰ ਦੇਖ ਕੇ ਜਿੰਦਗੀ ਕੱਟ ਸਕਾਂ
ਐਨਾ ਵਿਸ਼ਵਾਸ਼ ਨਾ ਹੋਣ ਦਿੱਤਾ।

ਜਿਸ ਗੱਲ ਦਾ ਡਰ ਸੀ ਅਮਰਜੀਤ
ਸੱਜਣ ਧੋਖਾ ਕਰ ਹੀ ਗਏ
ਅਸੀਂ ਆਪਣੇ ਆਪ ਨਾਲ ਰਹੇ ਗੱਲਾਂ ਕਰਦੇ
ਕਿਸੇ ਹੋਰ ਦਾ ਹੁੰਗਾਰਾ ਭਰ ਹੀ ਗਏ
ਹਰਫ਼ਾਂ ਦਾ ਹਸ਼ਰਾਂ ਤੱਕ
ਰੱਖ ਦਿਲ ਉੱਤੇ ਹੱਥ
ਤੇਰਾ ਰੋਗੀ ਹੋ ਗਿਆ
ਅਸੀਂ ਹੱਸਦੇ ਸੀ ਇਸ਼ਕੇ ਦੇ ਮਾਰਿਆਂ ਉੱਤੇ
ਅਸੀਂ ਗਿੱਲ ਉਸ ਰੋਗ ਦਾ ਰੋਗੀ ਹੋ ਗਿਆ

ਮੈਂ ਹੋ ਗਈ ਹੋਰ ਕਿਸੇ ਤੇ ਫਿਦਾ ਨਾ ਕਿਹਾ
ਤੁਰਨ ਲੱਗੀ ਨੇ ਯਾਰੋ
ਅਲਵਿਦਾ ਨਾ ਕਿਹਾ
ਨਾ ਉਹਦਾ ਛੱਲਾ
ਨਾ ਉਹਦੀ ਮੁੰਦਰੀ

ਨਾ ਕੋਲ ਕੋਈ ਗਾਨੀ ਏ
ਉਹਦੇ ਦਿੱਤੇ ਜਖ਼ਮਾਂ ਤੇ
ਮਲਹਮਾਂ ਨਹੀਂ ਲਾਉਂਦਾ
ਇਹ ਜਾਣ ਕੇ ਕੇ
ਇਹੀ ਉਹਦੇ ਪਿਆਰ ਦੀ ਆਖਰੀ ਨਿਸ਼ਾਨੀ ਏ।

*

ਇਕ ਗੱਲ ਹਿਰਦੇ ਦੀ

ਬੁੱਢੇ ਲੜ ਲਾ ਕੇ ਭੈਣ ਭੇਜਤੀ
ਮੇਰੀ ਵਾਰੀ ਤੂੰ ਜਮੀਨ ਵੇਚਤੀ
ਮੈਥੋਂ ਤਾ ਲੜ ਨਹੀਂ ਹੁੰਦਾ
ਪੌਂਡਾਂ ਅਤੇ ਡਾਲਰਾਂ ਤੋਂ।
ਬਾਪੂ ਤੇਰਾ ਸੀ ਕੁੜਤਾ ਚੰਗਾ
ਚਿੱਟੇ ਇਹਨ੍ਹਾਂ ਕਾਲਰਾਂ ਤੋਂ।

ਭਾਵੇਂ ਸੀ ਯਾਰਾਂ ਵਿਚ ਬਹਿੰਦਾ
ਕੰਮ ਨੂੰ ਕਦੇ ਨਾਂਹ ਨਾ ਕੀਤੀ
ਤੈਨੂੰ ਕਦੇ ਉਲਾਹਮਾਂ ਨੀ ਆਇਆ
ਲੱਖ ਵਾਰੀ ਦਾਰੂ ਮੈਂ ਪੀਤੀ

ਬਚਪਨ ਮੇਰਾ ਇਕ ਅਨਮੁੱਲੀ ਦਾਤ ਸੀ
ਤੇਰੇ ਆਈਸ਼ਰ ਦੀ ਕਿਆ ਬਾਤ ਸੀ
ਭਾਵੇਂ ਸੀ ਪੈਰ ਮੜਕ ਨਾਲ ਧਰਦਾ
ਖੇਤਾਂ ਵਿਚ ਠੱਕ ਠੱਕ ਕਰਦਾ
ਕੱਦੂ ਹੁੰਦੇ ਵਿਚ ਝੂਟੇ ਲੈਂਦੇ ਸੀ
ਬਹਿ ਕੇ ਲਿਫਟਾਂ ਤੇ
ਬਾਪੂ ਤੇਰੇ ਖੇਤ ਸੀ ਚੰਗੇ
ਜਿੰਦ ਖੁਰਦੀ ਸਿਫਟਾਂ ਤੇ

ਬਹੁਤ ਧੰਨਵਾਦੀ ਤੇਰਾ
ਔਖਾ ਹੋ ਕੇ ਪੜਾਇਆ
ਕਰਜੇ ਦੀ ਪੰਡ ਸੀ ਭਾਰੀ

ਤਾਹੀਓ ਸੀ ਜਹਾਜੇ ਚੜਾਇਆ
ਇੱਥੇ ਕਦੇ ਪਾਣੀ ਨਹੀਂ ਪੀਤਾ
ਖੂਹ ਦੀ ਉਸ ਟਿੰਡ ਵਰਗਾ
ਦੁਨੀਆ ਤੇ ਮੁਲਕ ਨਹੀਂ ਕੋਈ
ਬਾਪੂ ਤੇਰੇ ਪਿੰਡ ਵਰਗਾ

ਗਿੱਲ ਮਜ਼ਬੂਰ ਬੜਾ ਹੈ
ਸੋਚਾਂ ਦਾ ਥੰਮ ਖੜਾ ਹੈ।
ਮੈਨੂੰ ਉਹ ਸੁਪਨੇ ਜਾਪਣ
ਜਿਹੜਾ ਸੀ ਦਿੱਤਾ ਬਚਪਨ
ਕੱਚੇ ਰਾਹ ਤੇ ਮੋਢਾ ਤੇਰਾ
ਦੱਸ ਅਮਰਜੀਤ ਕਿਵੇਂ ਭੁਲਾਵਾਂ
ਹਿਰਦੇ ਵਿਚ ਰਚਿਆਂ ਨੂੰ
ਸ਼ਾਹਿਦ ਹੀ ਮੈਂ ਦੇ ਸਕਾਂਗਾ
ਉਹ ਬਚਪਨ ਆਪਣੇ ਬੱਚਿਆਂ ਨੂੰ

*

ਕੁਝ ਯਾਦਾਂ ਤਾਂ ਬਹੁਤ ਨੇੜੇ ਨੇ
ਤੇਜ ਛੁਰੇ ਵਾਂਗ ਚੀਰ ਗਏ
ਰੂਹ ਦੇ ਕੋਲ ਵੀ ਦਿਲ ਹੋ ਕੇ
ਲੰਘੇ ਜਿਹੜੇ ਨੇ।

*

ਤੋਹਫ਼ਿਆਂ ਵਰਗੇ ਜ਼ਖ਼ਮ

ਹੱਡ ਬੀਤੀ ਦੇ ਪਲ ਔਖੇ
ਹਾਲੇ ਤੀਕ ਯਾਦ ਨੇ ਸਾਰੇ
ਜਖ਼ਮ ਅਣਦਿਖੇ
ਤੇਰੇ ਤੋਹਫ਼ੇ
ਦਿਲ ਦੇ ਵੇਹੜੇ
'ਆਬਾਦ ਨੇ ਸਾਰੇ'

ਕਦੇ ਕਵਿਤਾ ਬਣਕੇ
ਕਦੇ ਦੁਵਿਧਾ ਬਣਕੇ
ਕਰਦੇ ਅਨੁਵਾਦ ਨੇ ਸਾਰੇ
ਜਖ਼ਮ ਅਣਦਿਖੇ
ਤੇਰੇ ਤੋਹਫ਼ੇ
ਦਿਲ ਦੇ ਵਿਹੜੇ

'ਆਬਾਦ ਨੇ ਸਾਰੇ'

ਯਾਦਾ ਵਿਚ ਤਬਦੀਲ ਨੇ ਲਾਰੇ
ਕਸਮਾਂ ਖਾਧੀਆਂ ਵਾਂਗ ਛੁਪਾਰੇ
ਜਦ ਅੱਖਰਾਂ ਨਾਲ ਦਲੀਲ ਹਾਂ ਕਰਦਾ
ਉੱਠਦੇ ਬਣ ਅੱਤਵਾਦ ਨੇ ਸਾਰੇ
ਜ਼ਖਮ ਅਣਦਿਖੇ
ਤੇਰੇ ਤੋਹਫ਼ੇ
ਦਿਲ ਦੇ ਵਿਹੜੇ
'ਆਬਾਦ ਨੇ ਸਾਰੇ'

ਹਿਜ਼ਰ ਨੇ ਆ ਕੇ ਢੋਲ ਵਜਾਉਂਦੇ
ਭਰਦੇ ਨੇ ਫਿਰ ਦਰਦ ਹੁੰਗਾਰੇ

ਹੌਲਾ ਮਨ ਫਿਰ ਹੋ ਜਾਂਦਾ ਏ
ਰੋਂਦਿਆਂ ਹੰਝੂ ਨਿਕਲਣ ਭਾਰੇ
ਗਿੱਲਾ ਉਹੀ ਖਦਾ ਤੋਂ ਪਹਿਲਾਂ ਆਉਂਦੀ ਸੀ
ਬਾਕੀ ਖੁਦਾ ਤੋਂ ਬਾਅਦ ਨੇ ਸਾਰੇ
ਜ਼ਖ਼ਮ ਅਣਦਿਖੇ
ਤੇਰੇ ਤੋਹਫ਼ੇ
ਦਿਲ ਦੇ ਵਿਹੜੇ

‘ਆਬਾਦ ਨੇ ਸਾਰੇ ’

*

ਔਰਤ

ਦੇਰ ਅੰਧੇਰ ਬੜੀ
ਦੇਖੀ ਦੁਨੀਆ ਤੇ ਚੱਲਦੀ ਮੈਂ
ਜਿਹਨੂ ਸੁੱਟਿਆ ਢੇਰਾਂ ਤੇ
ਉਹੀ 'ਕਲਪਨਾ' ਬਣਦੀ ਮੈਂ
ਉਸਤਤ ਜਿਸਦੀ ਅੱਖਰਾਂ ਵਿਚ
ਆਪਣੇ ਆਪ
ਅਰਥਾਤ ਹੈ
ਔਰਤ ਜਾਤ ਜਾਤ ਨਹੀਂ
ਰੱਬ ਦੀ ਕਰਾਮਾਤ ਹੈ।

ਰੋਲੇ ਗੌਲੇ ਵਾਲਾ ਦਿਨ ਨਹੀਂ
ਇਹ ਤਾਂ ਸ਼ਾਂਤ ਸਮੁੰਦਰੀ ਰਾਤ ਹੈ
ਮੁੱਢ ਹੈ ਇਨਸਾਨੀਅਤ ਦਾ
ਜਿੰਦਗੀ ਦਾ ਸਿੱਧਾਂਤ ਹੈ
ਔਰਤ ਜਾਤ ਜਾਤ ਨਹੀਂ
ਰੱਬ ਦੀ ਕਰਾਮਾਤ ਹੈ।

ਦੀਵਾ ਜਿਵੇਂ ਬੇ-ਅਰਥ ਹੋਵੇ
ਬੱਤੀ ਤੋਂ ਬਿਨ੍ਹਾਂ
ਚੱਪੂ ਜਿਵੇਂ ਬੇ-ਦਸਤ ਹੋਵੇ
ਕਸ਼ਤੀ ਤੋਂ ਬਿਨਾਂ
ਰੌਸ਼ਨ ਜੱਗ ਨੂੰ ਕਰ ਦੇਵੇ
ਮੰਜਿਲ ਦਾ ਘੜਾ ਭਰ ਦੇਵੇ
ਲੱਖਾਂ ਹੀ ਦਰ ਢੁੱਕ ਕੇ ਮਿਲੀ

ਫਕੀਰ ਦੀ ਖੈਰਾਤ ਹੈ
ਔਰਤ ਜਾਤ ਜਾਤ ਨਹੀਂ
ਰੱਬ ਦੀ ਕਰਾਮਾਤ ਹੈ।

ਮੈਂ ਉਸਦੀ ਕੁੱਖ 'ਚੋਂ ਜੰਮ ਕੇ
ਮੈਂ ਉਸਨੂੰ ਹੀ ਦੁਰਕਾਰ ਰਿਹਾ
ਆਪਣੀ ਜਾਂ ਪਰਾਈ ਕਹਿ ਕੇ
ਗੀਤਾਂ ਨੂੰ ਸ਼ਿੰਗਾਰ ਰਿਹਾ

ਔਰਤ ਨਾ ਹੁੰਦੀ
ਇਨਸਾਨ ਨਾ ਹੁੰਦਾ
ਘਰ ਤਾਂ ਕੀ
ਤੇਰੇ ਕੋਲ ਮਕਾਨ ਨਾ ਹੁੰਦਾ

ਇਕ ਦੀ ਜਿੰਦਗੀ ਲਿਆਉਣ ਵਾਸਤੇ
ਇਕ ਦੀ ਜਿੰਦਗੀ ਬਣਾਉਣ ਵਾਸਤੇ
ਰੂਹ ਵਿਚ ਦੁਖ ਕੀ ਕੀ ਸਹਿੰਦੀ
ਸੌ ਵਿਚੋਂ ਕਿਤੇ ਸਹਿ ਇਕ ਵੀ ਕੱਟੇ
ਗਿੱਲਾ ਤੇਰੀ ਕੀ ਔਕਾਤ ਏ
ਔਰਤ ਜਾਤ ਜਾਤ ਨਹੀਂ
ਰੱਬ ਦੀ ਕਰਾਮਾਤ ਹੈ।
ਰੱਬ ਦੀ ਕਰਾਮਾਤ ਏ।

*

ਪਰਿੰਦੇ

ਮੈਂ ਅੱਖਰਾਂ ਵਿਚ ਪਿੱਤਲ ਪਾਇਆ ਏ
ਤਿੜਕਿਆ ਹੋਇਆ ਨਾ ਕੱਚ ਬਣਾਵਾਂ
ਤੁਹਾਡੀ ਝੋਲੀ ਪਾਉਣ ਲੱਗਾ ਹਾਂ
ਕੋਸ਼ਿਸ਼ ਹੈ ਕਿ ਸੱਚ ਸੁਣਾਵਾਂ

ਇਕ ਅਭੁੱਲ ਸਵੇਰਾ ਯਾਦ ਹੈ
ਜੋ ਚਿੜੀਆਂ ਦੇ ਚਹਿਕਣ ਨਾਲ ਹੁੰਦਾ ਸੀ
ਉਠ ਖੜਦੀਆਂ ਉਡਦੀਆਂ(ਸੰਨ ਆਲਣਿਆਂ 'ਚੋਂ
ਸਾਡੇ ਖੇਤੀ ਜਾਣ ਦਾ ਸੁਨੇਹਾ ਹੁੰਦਾ ਸੀ।

ਰੋਟੀ ਤਿਆਰ ਕਰਦੀ ਬੇਬੇ ਨੂੰ
ਜਦ ਕਾਂ ਕੋਈ ਆ ਕੇ ਮੰਗ ਕਰਦਾ ਸੀ
ਨਾਲੇ ਤਾਂ ਬੇਬੇ ਆਖ ਦਿੰਦੀ
ਅੱਜ ਲੱਗਦੈ ਪਰਾਹੁਣੇ ਆਉਣਗੇ
ਪੁੱਤਾ ਰੋਟੀ ਪਾ ਦੇ
ਕਦੋਂ ਦਾ ਇਹ ਤੰਗ ਕਰਦਾ ਸੀ।

ਚਿਤਕਬਰੇ ਜਿਹੇ ਕੁਝ ਖੂਹਾ ਦੁਆਲੇ
ਬਾਕੀ ਕਿਸੇ ਸ਼ੋਕੀਨ ਦੇ
ਬਨੇਰੇ ਮਿਲ ਜਾਂਦੇ ਸਨ।
ਪੈਰੀ ਨਿੱਕੀਆਂ ਨਿੱਕੀਆਂ ਝਾਂਜਰਾਂ ਦੇਖ ਕੇ
ਬਚਪਨੀ ਦਿਲ ਫਿਰ ਖਿਲ ਜਾਂਦੇ ਸਨ।

ਦੁਆਤ ਲਿਆ ਕੇ ਫਿਰ ਕਲਮ ਘੜ ਲੈਣੀ ਟੋਕੇ ਤੋਂ

ਪਾ ਕੇ ਚਿੱਠੀ ਪੰਜੇ ਛੱਡ ਦੇਣਾ
ਸੱਜਣਾ ਵੱਲ ਨੂੰ ਕੋਠੇ ਤੋਂ
ਚਾਅ ਹੁੰਦਾ ਸੀ ਮੰਨ ਵਿਚ ਪੂਰਾ
ਸਾਂਝ ਸੁਨੇਹਾ ਆਉਣਾਂ ਹੁੰਦਾ ਸੀ।

ਸੁੱਖ ਸਾਂਦ ਹੈ ਪਰਿਵਾਰਾਂ ਵਿਚ
ਪੜ ਕੇ ਚਿੱਠੀ ਮਨ ਦੂਣਾ ਹੁੰਦਾ ਸੀ।

ਲੋਅ ਦੇ ਨਾਲ ਨਾਲ ਢਲਦਿਆਂ
ਉਹਨਾਂ ਵੀ ਉਡਾਰੀ ਭਰ ਲੈਣੀ
ਬਾਪੂ ਸਾਡੇ ਨੇ ਵੀ ਸਾਇਕਲ ਚੁੱਕਣਾ
ਕਹੀ ਮੋਢੇ ਤੇ ਧਰ ਲੈਣੀ
ਮਾਂ ਦੇ ਚੁੱਲ੍ਹੇ ਕੋਲ ਬੈਠੇ ਦੋਵੇਂ ਭਾਈ
ਜਿਆਦਾ ਰੋਟੀਆਂ ਖਾ ਖਾ ਢਿੱਡ ਮਿਣਦੇ ਸੀ
ਫਿਰ ਪੈ ਜਾਣਾ ਲੰਮੇ ਮੰਜਿਆਂ ਤੇ
ਘਰ ਜਾਂਦੀਆਂ ਆਸਮਾਨ 'ਚ ਟੋਲੀਆਂ
ਤੋਤਿਆਂ ਦੇ ਝੁੰਡ ਗਿਣਦੇ ਸੀ।

ਪਰਿੰਦੇ ਕੀ ਅਹਿਮੀਅਤ ਰੱਖਦੇ ਨੇ
ਸਾਡੀ ਜਿੰਦਗੀ ਕਿੱਥੇ ਢੁੱਕਦੀ ਐ
ਵਿਗਿਆਨ ਨੇ ਲੋੜਾਂ ਪੂਰ ਦਿੱਤੀਆਂ
ਸਾਬਿਤ ਹੋ ਗਿਆ
ਅਸੀਂ ਮਤਲਬੀ ਹਾਂ
ਗੱਲ ਤਾਂ ਗਿੱਲਾ ਐਥੇ ਮੁੱਕਦੀ ਐ।

*

ਅੰਬੀਆਂ ਨੂੰ ਬੂਰ

ਸਾਡੇ ਪਿੰਡ ਪੈ ਗਿਆ
ਅੰਬੀਆਂ ਨੂੰ ਬੂਰ ਮਾਹੀਆ
ਉੱਝੰ ਰਹੇਂ ਅੱਖੀਆਂ ਦੇ ਮੂਹਰੇ ਘੁੰਮਦਾ
ਸੋਚਾਂ ਬੈਠਾ ਕਿੰਨੀ ਦੂਰ ਮਾਹੀਆ।

ਪੰਛੀ ਵੀ ਹੁਣ ਹੱਸਦੇ
ਬਸੰਤ ਆ ਗਈ
ਤੂਤੀ ਪਈਆਂ ਤੂਤੀਆਂ ਏ
ਬੌਤੇ ਕੰਮੀ ਲਾਈ ਜਿੰਦਗੀ ਨੂੰ
ਦੇਦੇ ਥੋੜਾ ਜਿਹਾ ਵੇਹਲ
ਲੈਕੇ ਆ ਜਾ ਛੁੱਟੀਆਂ ਵੇ।

ਤੇਰਾ ਪਤਾ ਨੀ ਚਿੱਤ ਵੇ ਕੀ ਕਹਿੰਦਾ
ਸਾਡਾ ਰਹੇ ਦਿਲ ਡਰਦਾ
ਹੰਝੂ ਕਰਦੇ ਸਲਾਮ ਦਿਨ ਰਾਤੀ ਸੱਜਣਾ
ਦਿਲ ਰਹੇ ਹੌਂਕੇ ਭਰਦਾ।

ਇਕ ਅੰਬਰੀ ਤਾਰਾ ਵੇ
ਇਕ ਅੰਬਰੀ ਤਾਰਾ ਵੇ
ਲਾਡ ਦੀ ਨੀ ਸੀ ਡੋਰ ਮੁੱਕਦੀ
ਕਿੰਝ ਕਰਦਾ ਗੁਜਾਰਾ ਵੇ।

ਕਦੇ ਹੋਣਾ ਬੈਠਾ ਸੋਚਦਾ
ਜਿੰਦ ਵਸੇ ਤੇਰੀ ਦੇਸੀ ਵੇ

ਸਖੀਆਂ ਨੇ ਨਿੱਤ ਛੇੜਦੀਆਂ
ਉਹ ਨਹੀਓ ਕਦੇ ਮੁੜਦੇ
ਜਿਹੜੇ ਹੁੰਦੇ ਪਰਦੇਸੀ ਵੇ।

ਦੱਸ ਕਿਹੜੀ ਗੱਲੋਂ ਢੋਲਾ ਕਰੇ ਰੁਸਵਾਈ
ਤੈਨੂੰ ਯਾਦ ਨਹੀਓ ਆਈ।

ਉਂਝ ਹੋਣੈ ਬੁੱਲੇ ਲੁੱਟਦਾ
ਜਿੰਦ ਫਿਕਰਾਂ ਨੇ ਘੇਰੀ ਵੇ
ਛੱਡ ਪਰੇ ਗਿੱਲ ਰੋਸਿਆਂ ਨੂੰ
ਕਦੇ ਪਾ ਜੈਤਪੁਰ ਫੇਰੀ ਵੇ।

*

ਇਕ ਇਨਸਾਨ

ਕੱਲਾ ਤਾਂ ਰੁੱਖ ਵੀ ਚੰਗਾ ਨਹੀਂ ਲਗਦਾ
ਭਾਵੇਂ ਰੁੱਤ ਕਿੰਨੀ ਵੀ ਮਿਹਰਬਾਨ ਹੋਵੇ,

ਬੰਦ ਕਮਰਾ ਮਕਾਨ ਦਾ ਮੁਸ਼ਕ ਜਾਂਦਾ
ਲੱਗਾ ਜਿੰਦਰਾਂ ਵਾਂਗ ਕਬਰਿਸਤਾਨ ਹੋਵੇ,

ਆਉਂਦਿਆਂ ਚਿਹਰੇ ਦਰ ਵਟਾਏ ਹੋਣ
ਜਾਂਦਿਆਂ ਬੁੱਲ ਮੁਸਕਰਾਏ ਹੋਣ,
ਸ਼ਾਇਦ ਐਸਾ ਹੀ ਦੁਨੀਆਂ ਤੇ ਆਇਆ
ਕੋਈ ਮਹਿਮਾਨ ਹੋਵੇ।

ਮੂਸਾਂ ਚੰਗਾ ਈਸਾਂ ਤੋਂ
ਹਿੰਦੂ ਚੰਗਾਂ ਸਿੱਖਾਂ ਤੋਂ
ਚੌਹਾਂ 'ਚੋਂ ਉਹ ਇਕ ਵੀ ਨਹੀਂ
ਜੋ ਵੀ ਕੀਤਾ ਇਹ ਬਿਆਨ ਹੋਵੇ
ਧਰਮ ਤਾਂ ਕੋਈ ਵੀ ਹੋਵੇ ਲੋੜ ਹੈ ਮਨੁੱਖਤਾ ਦੀ
ਬੇਲੋੜਾ ਤਾਂ ਹੈਵਾਨ ਹੋਵੇ।

ਵਿਹੜੇ ਢੁਕੀ ਵਹੁਟੀ ਦਾ
ਹਰਾਮ ਦੀ ਰੋਟੀ ਦਾ
ਅੰਦਰ-ਪੇਟੇ ਦੇ ਦਹਿਲੀਜ਼ 'ਤੇ
ਸ਼ਾਇਦ ਸੂਖਮ-ਸੁਜਾਨ ਹੋਵੇ
ਕਾਜੀ ਕੁਚੱਜਾ ਬਿਨ ਇਲਮ ਦੇ
ਚਾਹੇ ਲੱਖ ਵਾਰੀ ਪੜ੍ਹੀ ਕੁਰਾਨ ਹੋਵੇ।

ਕੰਢਿਆਂ ਤੋਂ ਹੈ ਹੁੰਦਾ
ਵਾਖਵਾਂ ਫੁੱਲ ਦਾ
ਰੌਣਕ ਮਹਿਕ ਦੀ ਉੱਨੀ ਹੁੰਦੀ ਹੈ।
ਬਾਗ ਜਿਨਾ ਵੀ ਸੁਨ ਸਾਨ ਹੋਵੇ

ਪਰਵਾਨੇ ਦੀ ਪਹੁੰਚ ਸ਼ਮਾ ਤੱਕ
ਆਸ਼ਿਕ ਦੀ ਪਹੁੰਚ ਇਸ਼ਕ ਤੱਕ
ਮੌਤ ਤੇ ਮਹਿਬੂਬ ਇਕ ਹੋ ਜਾਂਦੇ
ਜੇ ਮਹੁੱਬਤ ਯਾਰ ਤੇ ਕੁਰਬਾਨ ਹੋਵੇ।

ਚੰਦ ਮਸ਼ਹੂਰ ਹੁੰਦਾ ਹੈ ਤਾਰਿਆਂ ਵਿਚ
ਰੌਸ਼ਨੀ ਵੱਧ ਹੁੰਦੀ ਹੈ ਸਾਰਿਆਂ ਵਿਚ
ਯਾਰ ਬੁੱਕਲ ਵਿਚ
ਤੇ ਬੁੱਕਲ ਸਮਾਇਆ ਕੁੱਲ ਆਸਮਾਨ ਹੋਵੇ
ਵਕਤ ਦੀ ਘੁੰਮਦੀ ਚਰਖੀ
ਕੱਤੇ ਤੰਦ ਪਿਆਰ ਦੀ
ਰੁਕਿਆ ਰੱਬਾ ਵਰਤਮਾਨ ਹੋਵੇ।

ਲੋਹੇ ਨੂੰ ਲੋਹਾ ਕੱਟਦਾ ਹੈ
ਅਦਾਲਤਾਂ ਤੋਂ ਹੈ ਛੱਜ ਚੰਗਾ
ਕੱਖਾਂ ਚੋਂ ਦਾਣੇ ਛੱਟਦਾ ਹੈ
ਆਦਮੀ ਦੀ ਇਕ ਸਿਫ਼ਤ ਹੈ ਕਿ
ਕਰ ਭੰਡੀਆਂ, ਬਦਨਾਮੀ ਖੱਟਦਾ ਹੈ।
ਧਰਮਾਂ ਦਾ ਰਾਜ ਜੋ ਕਰਦਾ
ਧਰਮਰਾਜ ਵੀ ਆਵੇ ਬਣ ਆਦਮੀ ਜਹਾਨ ਤੇ

ਐਸਾ ਕੁਦਰਤ ਦਾ ਕੋਈ ਐਲਾਨ ਹੋਵੇ

ਮੈਂ ਕਿਉਂ ਮਨਾਵਾਂ ਰੁੱਸਿਆਂ ਨੂੰ
ਜੇ ਰੁਸਵਾਈ ਤਰੀਕਾ ਬੇਈਮਾਨ ਹੋਵੇ
ਅਮਰਜੀਤ ਉੱਠ ਮਨਾ ਮਿੱਤਰ ਪਿਆਰੇ ਨੂੰ
ਜਿਹਦੇ ਲਈ ਯਾਰੀ ਈਮਾਨ ਹੋਵੇ।

ਉਹਨੂੰ ਹੋਰ ਕੀ ਚਾਹੀਦਾ ਗਿੱਲਾ
ਜਿਹਦਾ ਯਾਰ ਇਕ ਇਨਸਾਨ ਹੋਵੇ।

*

ਪਿੰਡ ਦੀ ਦਾਤ

ਕਰਦਾ ਹਾਂ ਮਨਮਾਨੀ
ਪੁਗਾਈ ਹਰ ਹਿੰਡ ਤੇ
ਅਣਖ ਵਧਾਉਂਦੀ
ਧਰਤੀ ਨੂੰ ਸਲਾਮ
ਮੈਨੂੰ ਮਾਣ ਮੇਰੇ ਪਿੰਡ ਤੇ

ਸੂਰਵੀਰ ਅਤੇ ਯੋਧੇ
ਇਸ ਧਰਤੀ ਜਮੋਏ
ਕਿੰਨੇ ਸਾਧੂ, ਮਹਾਂਪੁਰਖ
ਇਸ ਵਿਚ ਨੇ ਸਮੋਏ
ਕੁਰਬਾਨੀਆਂ ਭਰਪੂਰ
ਚੜੇ ਸਰੂਰ
ਪੱਗਾਂ ਦੁਮਾਲੇ ਨੇ ਦਮਕਦੇ
ਹੌਂਸਲੇ ਦੀ ਬਿੰਦ ਤੇ
ਧਰਤੀ ਨੂੰ ਸਲਾਮ
ਮੈਨੂੰ ਮਾਣ ਮੇਰੇ ਪਿੰਡ ਤੇ

ਮੇਲਿਆਂ ਦੀ ਮੌਜ ਨੂੰ
ਖਾਲਸੇ ਦੀ ਫੌਜ ਨੂੰ
ਜੈਕਾਰਾ ਮਾਤਾ ਰਾਣੀ ਦਾ
ਫੁਆਰਾ ਪੰਜ ਪਾਣੀ ਦਾ
ਸ਼ਾਮ ਤੇ ਸੁਵਖਤੇ
ਇਹ ਭੋਲੀ ਖਲਕਤੇ .. .ਏ
ਸਪੀਕਰਾਂ 'ਚੋਂ ਗੂੰਜੇ

ਹੋਕਾ ਭਗਤਾਂ ਦੀ ਬਾਣੀ ਦਾ
ਸੁਣਦਿਆਂ.ਸੁਣਦਿਆਂ
ਕੰਨ ਜਾਣ ਖਿੰਡਦੇ
ਧਰਤੀ ਨੂੰ ਸਲਾਮ
ਮੈਨੂੰ ਮਾਣ ਮੇਰੇ ਪਿੰਡ ਤੇ।

ਮਿੱਟੀ ਮਿੱਠੀ ਕਰਕੇ ਖਾਧੀ
ਮੀਂਹ ਦੇ ਪਾਣੀ ਨਾਲ ਨਾਹਿਆ
ਯਾਦ ਵਤਨ ਦੀ ਆਈ
ਗਿੱਲ ਗੀਤ ਹੈ ਬਣਾਇਆ
ਹੰਝੂ ਡੁੱਲ ਵੀ ਨੇ ਰਹੇ
ਪਾਣੀ ਡੁੱਲਦਾ ਸੀ ਟਿੰਡ ਤੇ
ਧਰਤੀ ਨੂੰ ਸਲਾਮ
ਮੈਨੂੰ ਮਾਣ ਮੇਰੇ ਪਿੰਡ ਤੇ

*

ਆਵਾਜ਼

ਅਸੀਂ ਕਰਦੇ ਹਾਂ ਮਾਣ
ਆਖ ਆਪ ਨੂੰ ਹੀ ਪੇਂਡੂ ਦੇਸੀ
ਕੋਈ ਜਵਾਕ ਮੈਨੂੰ ਦੱਸੇ
ਕੌਣ ਲੈਂਦਾ ਅੱਜ ਖੇਸੀ

ਅਸੀਂ ਕਹਾਉਂਦੇ ਹਾਂ ਸਰਦਾਰ
ਪੱਗ ਪਿਓ ਸਿਰ ਹੀ ਰਹਿ ਗਈ
ਖੜੇ ਕੀਤੇ ਵਾਲ ਚਾਰ
ਲਾਈ ਅਵਾਗੌਣ ਜੈੱਲ ਨੇ
ਕੌਣ ਹੱਕੂਗਾ ਬਲਦ ਆ ਮੁਰੱਬੇ ਤੋਂ
ਪੁੱਤ ਬਿਜ਼ੀ ਕੀਤੇ ਸੈੱਲ ਨੇ

ਬਾਬਾ ਹਸਤੀ ਜੋ ਚੰਗੀ ਤੇਰੀ ਇਥੇ
ਬਹੁਤਾ ਚਿਰ ਨਹੀਂ ਆਬਾਦ ਰਹਿਣੀ
ਸੱਭਿਆਚਾਰ ਤਾਂ ਕੀ?
ਸਾਨੂੰ ਸਿੱਖੀ ਵੀ ਨਹੀਂ ਯਾਦ ਰਹਿਣੀ

ਮੱਥੇ ਨੂੰ ਤਾਂ ਛੱਡ ਯਾਰਾ
ਆਜਾ ਲੰਗਰ ਹੀ ਖਾਂਦੇ ਆ
ਕੁਝ ਇਹੋ ਜਿਹੀ ਨੀਤ ਲੈਕੇ
ਅਸੀਂ ਗੁਰਦੁਆਰੇ ਜਾਂਦੇ ਆ

ਸਮਾਂ ਕਲਯੁੱਗੀ ਆਇਆ
ਲੱਗੀ ਨਜ਼ਰ ਪੰਜਾਬ ਨੂੰ

ਜਵਾਨੀ ਸਮੈਕ ਚਿੱਟਾ ਖਾ ਗਏ
ਬਾਪੂ ਭਾਲਦੇ ਸ਼ਰਾਬ ਨੂੰ
ਤੰਗ ਜੀਨਾਂ, ਟਾਈਟ ਕਪੜੇ
ਆਪੇ ਮੂਹੋਂ ਬੋਲ ਰਹੇ ਨੇ
ਇਸ ਗਰਕਦੇ ਗੁਲਾਬ ਦੇ
ਇਹ ਦੁੱਖ ਫੋਲ ਰਹੇ ਨੇ।

ਪੰਜ-ਪਾਣੀ ਅੱਜ ਮੇਰਾ ਜ਼ਹਿਰ ਬਣ ਚੱਲਿਆ
ਟੂਣੇ-ਜਾਦੂ ਵਾਂਗੂੰ ਕੀਤਾ
ਕਹਿਰ ਬਣ ਚੱਲਿਆ
ਰੋਕ ਲਾ ਤੂੰ ਰੱਬਾ ਰੋਕ
ਚਲੱਦੀ ਪੂਠੀ ਜਿਹੀ ਮਧਾਣੀ ਨੂੰ
ਕੰਨਾਂ ਵਿਚ ਪਾ ਕੇ ਸਭ ਦੇ
ਧੁਰ ਦੀ ਉਸ ਬਾਣੀ ਨੂੰ
ਕੰਨਾਂ ਵਿਚ ਪਾ ਦੇ ਸਭ ਦੇ
ਧੁਰ ਦੀ ਉਸ ਬਾਣੀ ਨੂੰ।

*

ਵੇਕ ਅਪ ਕਾਲ

ਬੈਠਾ ਸੋਚੀਂ ਜਾਵਾਂ ਕੱਲਾ
ਹੋਇਆ ਫਿਕਰਾਂ ਵਿਚ ਝੱਲਾ
ਬਾਬਾ ਨਾਨਕ ਸੀ ਕੋਣ
ਕੋਣ ਲੜਿਆ ਸੀ ਕੱਲਾ
ਬਾਪੂ ਇਤਿਹਾਸ ਮੈਨੂੰ
ਉੱਗਲਾਂ ਤੇ ਰਟਾਇਆ
ਹੋਏ ਕੀ ਕੀ ਨੇ ਵਾਕੇ
ਯਾਰੋ ਉਹਦੀ ਕੌਮ ਤੇ
ਪੁੱਛ ਲਿਆ ਪੋਤੇ ਮੇਰੇ
ਜੇ ਭਾਭਾ ਵੇਅਰ ਯੂ ਫਰੌਮ?
ਉਸ ਵੇਲੇ ਗਿੱਲਾ ਖੜੇ ਹੋਏ ਰੌਂਗਟੇ

ਕੇਸ ਕਤਲ ਕਰਵਾਏ
ਨਾ ਕੋਈ ਦਾੜੀ
ਨਾ ਮੁੱਛ
ਦੇ ਹੋਣਾ ਨਹੀਂ ਜਵਾਬ
ਜਦ ਕਿਸੇ ਲਿਆ ਪੁੱਛ
ਮਿਸਟਰ ਸਿੰਘ ਤਾਂ ਆਈਡੀ ਕਾਰਡ ਤੇ ਹੀ ਰਹਿਜੂ
ਕਦਰ ਨਹੀਓਂ ਪਾਉਣੀ
ਤੇਰੇ ਪੁੱਤ ਟੌਮ ਨੇ
ਪੁੱਛ ਲਿਆ ਪੋਤੇ ਮੇਰੇ
ਜੇ ਭਾਭਾ
ਵੇਅਰ ਯੂ ਫਰੌਮ?
ਉਸ ਵੇਲੇ ਦੇਖੀਂ ਖੜੇ ਹੋਣੇ ਰੌਂਗਟੇ

ਉਂਝ ਤਾਂ ਤੂੰ ਬੜਾ ਜਾ ਕੇ
ਪੰਜਾਬੀ ਸਥਾਂ ਵਿਚ ਬਹਿੰਦੈ
ਘਰੇ ਆਉਂਦੇ ਸਾਰ
ਕਿਉਂ ਗੇਅਰ ਅੰਗਰੇਜੀ ਪਾ ਲੈਨੇ?
ਗੁੜ੍ਹ ਜਿੰਨਾਂ ਕੁ ਹੀ ਪਾਉ
ਮਿੱਠਾ ਉਨ੍ਹਾਂ ਕੁ ਹੀ ਹੋਣਾ
ਪੰਜਾਬੀ ਬੋਲੀ ਦਾ ਨੁਹਾਰ
ਦੇਖੀ ਘਰੋਂ ਹੀ ਗਵਾਉਣਾ
ਬੱਤੀ ਨੂੰ ਵੀ ਮਾਣ ਜੱਟਾ
ਉਦੋਂ ਤੱਕ ਹੁੰਦੈ
ਰਹਿੰਦੀ ਹੈ ਮੜਕ ਜਦੋਂ ਤੱਕ ਮੋਮ ਤੇ
ਪੁੱਛ ਲਿਆ ਪੋਤੇ ਮੇਰੇ ਭਾਭਾ
ਵੇਅਰ ਯੂ ਫਰੌਮ?
ਉਸ ਵੇਲੇ ਦੇਖੀਂ ਖੜੇ ਹੋਣੇ ਰੌਂਗਟੇ।

ਯਾਦ ਰੱਖਿਓ ਪੰਜਾਬ
ਸਤਲੁਜ ਤੇ ਬਿਆਸ
ਗਲ ਰਾਵੀ ਲੱਗ ਕਿਉਂ
ਰੋਇਆ ਸੀ ਝਨਾਬ
ਜਿੰਦ ਡਾਲਰਾਂ ਚੋਂ ਕੱਢ
ਗੁਰਬਾਣੀ ਲੇਖੇ ਲਾਈ
ਭਾਈ ਕਾਨ੍ਹ ਸਿੰਘ ਨਾਭੇ ਦੀ
ਕਿਤਾਬ ਵੀ ਪੜਾਈ
ਮਾਪਿਆਂ ਨੂੰ ਗਿੱਲਾ ਪਛਤਾਵਾਂ ਉਦੋਂ ਹੋਣਾ
ਅੱਜ ਕਲੱ ਬਣੇ ਜਿਹੜੇ ਡੈਡ ਮੌਮ ਨੇ
ਪੁੱਛ ਲਿਆ ਪੋਤੇ ਮੈਨੂੰ

ਭਾਭਾ

ਵੇਅਰ ਯੂ ਫਰੋਮ ?

ਉਸ ਵੇਲੇ ਗਿੱਲਾ ਖੜ੍ਹੇ ਹੋਣੇ ਰੌਂਗਟੇ।

*

ਕਲਯੁੱਗ

ਇਹ ਸਿਸਟਮ ਹੈ ਜਾਂ
ਹਾਲਾਤ ਹੀ ਐਸੇ ਨੇ
ਕੋਈ ਵਿਸਡਮ ਹੈ ਜਾਂ
ਖਿਆਲ ਹੀ ਐਸੇ ਨੇ

ਕਹਿੰਦੇ ਪ੍ਰੋਗਰੈਸ ਹੈ
ਬੱਚੇ ਬੜੇ ਸਮਾਰਟ ਹੋ ਗਏ ਨੇ
ਸਲਾਹ ਸਾਡੀ ਦੀ ਲੋੜ ਨਹੀਂ ਹੈ
ਆਪੇ ਫੈਸਲੇ ਲੈਣੇ
ਉਹ ਸਟਾਰਟ ਹੋ ਗਏ ਨੇ

ਵੱਡੇ ਸ਼ਹਿਰ ਵਿਚ ਕੋਠੀ ਪਾਉਣੀ
ਪਿੰਡ ਸੁੰਨੇ ਜਿਹੇ ਲੱਗਦੇ ਨੇ
ਬੰਨਿਆਂ ਦੀ ਥਾਂ ਤੇ
ਨੀਂਹਾਂ ਵਾਲੀਆਂ ਕੰਧਾਂ ਦੇਖ ਕੇ
ਜਿੰਮੀਦਾਰ ਦੇ ਅੱਥਰੂ ਵਗਦੇ ਨੇ।

ਕੱਖ ਡੰਗਰਾਂ ਨੂੰ ਪਾਉਂਦੇ ਨਹੀਂ
ਟੈਂਨਸ਼ਨ ਮਾਈਂਡ ਤੇ ਪਾਉਂਦੇ ਨਹੀਂ
ਅੱਖ ਦਾਦੇ ਮੂਹਰੇ
ਪਿਓ ਨੇ ਕਦੇ ਚੁੱਕੀ ਨਾ
ਪਰ ਉਹਨੂੰ ਜਵਾਬ ਕੋਰੇ ਨੇ
ਕਹਿੰਦੇ ਸਾਨੂੰ ਹੋਰ ਕੰਮ ਥੋੜੇ ਨੇ

ਕਿੰਨੇ ਹੋਰ ਵਿਸ਼ੇ ਪਏ ਨੇ
ਅਰਕ ਵਾਲੀਆ ਗੱਲਾਂ ਦੇ
ਸ਼ਾਇਦ ਹੀ ਅੱਖਰਾਂ ਵਿਚ ਬਿਆਨ ਹੋਵੇ
ਜੋ ਉਹਦੇ ਦਿਲ ਵਿਚ ਛੱਲਾਂ ਨੇ,

ਕਿੰਨਾ ਸੋਹਣਾ ਕਲਚਰ ਸੀ ਗਿੱਲਾ
ਸ਼ੋਕਰਵਾਧੇ ਬੈਡ ਬਣਾ ਦਿੱਤਾ
ਉਏ ਜਿੰਨਾ ਭੋਲਾ ਜਿਹਾ ਨਾ ਸੀ ਬਾਪੂ
ਤੇਰੇ ਕਲਯੁੱਗ ਚੰਦਰੇ ਨੇ
ਉਹ ਵੀ ਡੈਡ ਬਣਾ ਦਿੱਤਾ।

*

ਬਹੁਤ ਪੁਰਾਣਾ ਵਕਤ

ਜਦੋਂ ਅਖ਼ਬਾਰਾਂ ਵਿਚ
ਹੁਣ ਦੀਆਂ ਖਬਰਾਂ ਪੜਦਾ ਹਾਂ
ਕਦੇ ਬੈਠਾ ਹੋਵਾਂ ਵਿਸ਼ਰਾਮ ਲਈ
ਕਰਵਟੇ ਲੈ ਉੱਠ ਖੜਦਾ ਹਾਂ।

ਸੋਚਾਂ ਦੇਖ ਕੇ ਆਉਂਦੇ ਜਾਦੇ
ਰਾਹੀਆਂ ਵੱਲ
ਕੀ ਮੈਂ ਵੀ ਚੱਲਦਾ
ਉਸੇ ਪਗਡੰਡੀ ਤੇ
ਜਾਂ ਇਹ?
ਪਾਪਾਂ ਦੀ ਖੋੜੀ ਚੜਦਾ ਹਾਂ।

ਕੋਈ ਦੇਖ ਕਿਸੇ ਦੀ ਧੀ ਵੱਲ
ਹਵਸ਼ ਦੀਆਂ ਅੱਖਾਂ ਕੱਢਦਾ ਏ
ਕੋਈ ਧਰਮ ਨੂੰ ਧੋਖਾ ਦੇ ਰਿਹਾ
ਧੋਲਿਆਂ ਦਾ ਨਫਾ ਵੱਡਦਾ ਏ
ਅਰਦਾਸ ਭਲੇ ਦੀ ਮੰਗ ਕੇ
ਔਲਾਦ ਨੂੰ ਗਾਲਾਂ ਕੱਢਦਾ ਏ।

ਗੱਲ ਪਤੇ ਦੀ ਵੱਲ ਆਵਾਂ
ਗਿੱਲ ਨੂੰ ਜੋ ਤੰਗ ਕਰਦੀ ਏ
ਮਾੜੇ ਨੂੰ ਗਲ ਤੋਂ ਫੜਦੀ ਏ
ਸਿਫਤਾਂ ਦੇ ਪੁਲ ਚਿਣਕੇ
ਗਲਾ ਤਕੜੇ ਦਾ ਭਰਦੀ ਏ।

ਖੁਸ਼ੀਆਂ ਨਾਲੋਂ ਜਿਆਦਾ ਹੋ ਗਈਆਂ
ਖ਼ਬਰਾ ਮਾਤਮ ਦੀਆਂ
ਤੈਨੂੰ ਆਉਣਾ ਪੈਣਾ ਦੁਬਾਰੇ
ਮੁੱਦਤਾਂ ਵੀ ਹੁਣ ਮੁੱਕ ਜਾਣੀਆਂ

ਕਦੋਂ ਦਾ ਫੇਰਾ ਪਾ ਕੇ ਤੁਰ ਗਿਉਂ
ਉਹ ਗੱਲਾਂ ਬਾਬੇ ਆਦਮ ਦੀਆਂ
ਉਹ ਗੱਲਾਂ ਬਾਬੇ ਆਦਮ ਦੀਆਂ।

*

ਪਿੰਡ ਦੀ ਖੁਸ਼ਬੂ

ਖੁਸ਼ਬੂ ਆਉਂਦੀ
ਤੇਰੇ ਪਿੰਡ ਦੀ ਬਾਪੂ
ਜਦ ਹਾਂ ਤੁਰਦਾ
ਕੱਚਿਆਂ ਰਾਹਾਂ ਤੇ।

ਲੰਘਦੇ ਵੜਦੇ
ਆਉਂਦੇ ਜਾਂਦੇ
ਹਾਵੀ ਪੈਂਦੀਂ ਸਾਹਾਂ ਤੇ
ਖੁਸ਼ਬੂ ਆਉਂਦੀ
ਤੇਰੇ ਪਿੰਡ ਦੀ ਬਾਪੂ
ਜਦ ਤੁਰਦਾ
ਕੱਚਿਆਂ ਰਾਹਾਂ ਤੇ

ਖੇਤੀ ਕਾਮੇ ਲੱਗੇ
ਭੱਤਾ ਤੇ ਸੁਆਣੀਆਂ
ਤੂਤੀਆਂ ਤੇਰੇ ਖੂਹ ਤੋਂ
ਲਾਹ ਕੇ ਖਾਣੀਆਂ
ਮੰਜਾਂ ਚੇਤੇ
ਜਿਹੜਾ ਛਾਵੇਂ ਸੀ ਡਾਹਿਆ
ਚੇਤੇ ਪਲ ਵੀ ਬੈਠ ਕੇ ਉਸ ਤੇ
ਕੀਤੀਆਂ ਸਲਾਹਾਂ ਦੇ
ਖੁਸ਼ਬੂ ਆਉਂਦੀ
ਤੇਰੇ ਪਿੰਡ ਦੀ ਬਾਪੂ
ਜਦ ਤੁਰਦਾ

ਕੱਚਿਆਂ ਰਾਹਾਂ ਤੇ।
ਪਾਣੀ ਮਹਿਕੇ
ਨਾਲੇ ਪੰਛੀ ਚਿਹਕਣ
ਸ਼ਾਮ ਸਵੇਰੇ
ਗੁਰਬਾਣੀ ਮਹਿਕਣ
ਮੰਨ ਨੀਵਾਂ ਕਰਦੀ
ਮੱਤ ਚੁੱਕਦੀ
ਜਗਾ ਉਤਾਹਾਂ ਤੇ
ਖੁਸ਼ਬੂ ਆਉਂਦੀ
ਤੇਰੇ ਪਿੰਡ ਦੀ ਬਾਪੂ
ਜਦ ਤੁਰਦਾ ਕੱਚਿਆਂ
ਰਾਹਾਂ ਤੇ।

ਪ੍ਰਦੇਸੀ ਨਾ ਲੱਭਣ
ਇਹ ਪਗਡੰਡੀਆਂ
ਲੀਹਾਂ ਤੇਰੇ ਬਲਦਾ
ਵਾਲੇ ਗੱਡੇ ਦੀਆਂ
ਹਾਉਕੇ ਬਣਕੇ ਨਿਕਲਣ ਜਿਹੜੇ
ਗਿੱਲਾ ਮਾਣ ਕਾਹਦਾ ਉਹਨਾਂ ਸਾਹਾਂ ਤੇ
ਖੁਸ਼ਬੂ ਆਉਂਦੀ
ਤੇਰੇ ਪਿੰਡ ਦੀ ਬਾਪੂ
ਜਦ ਤੁਰਦਾ ਕੱਚਿਆਂ ਰਾਹਾਂ ਤੇ।

*

ਕਵਿਤਾ ਕੀ ਹੈ।

ਕਵਿਤਾ ਕੀ ਹੈ
ਐਸਾ ਸਕਸ਼ ਏ ਕਵਿਤਾ
ਇੱਕਲੇਪਣ ਵਿਚ ਵੀ ਸਾਥ ਨਹੀਂ ਛੱਡਦੀ
ਨਾਲ ਨਾਲ ਚੱਲਦੀ ਹੈ ਪਰਛਾਵੇਂ ਵਾਂਗਰਾਂ
ਦੁੱਖਾਂ ਦਾ ਵੰਡਾਉਣਾ ਤਾਂ ਇਸਦੀ ਫਿਤਰਤ ਹੈ।

ਸੋਚਾਂ ਦਾ ਥੱਮ ਬਣਾ ਕੇ
ਸੁਪਨਿਆਂ ਦੀ ਛੱਤ ਨੂੰ
ਸਾਂਭਦੀ ਹੈ ਕਵਿਤਾ
ਜੋ ਬੋਲ ਜੁਬਾਨ ਚੋਂ ਨਹੀਂ ਨਿਕਲਦੇ
ਕਿਤਾਬਾਂ ਦੇ ਪੰਨਿਆਂ ਚੋਂ
ਲਿਖਣ ਵਾਲੇ ਹੁੰਦੇ ਨੇ
ਵਕਤ ਦੇ ਭੰਨਿਆਂ ਚੋਂ
ਅੱਖਰਾਂ ਦਾ ਮੇਲਾ ਲਾਉਂਦੀ ਹੇ ਕਵਿਤਾ

ਉਹ ਕਹਿੰਦੇ ਹਨ ਕਿ
ਬੀਤਿਆ ਸਮਾਂ ਵਾਪਿਸ ਨਹੀਂ ਆਉਂਦਾ
ਪਰ ਮੈਨੂੰ ਅਕਸਰ ਉਥੇ ਲੈ ਜਾਂਦੀ ਹੈ ਕਵਿਤਾ।

ਇਹ ਵੀ ਮੁਨਾਸਿਫ ਹੈ
ਟੁੱਟ ਜਾਂਦੇ ਹੋਣਗੇ ਬਹੁਤ
ਸੁਣਕੇ ਕਵਿਤਾ
ਪਰ ਟੁੱਟੇ ਰਿਸ਼ਤੇ ਵੀ ਜੋੜਦੀ ਹੈ ਕਵਿਤਾ

ਭਾਸ਼ਾ ਮੇਰੀ ਲਿੱਪੀ ਹੈ
ਭਗਤਾਂ ਨੇ ਪੜੀ ਹੈ
ਭੱਟਾਂ ਨੇ ਲਿਖੀ ਹੈ।
ਮੈਨੂੰ ਵਜੂਦ ਤੱਕ ਲੈ ਜਾਂਦੀ ਹੈ ਕਵਿਤਾ

ਤਾਣਾ ਬਾਣਾ ਰਿਸ਼ਤਿਆਂ ਦਾ ਸੁਲਝਿਆ ਰਹੇ ਤਾਂ ਚੰਗਾ ਹੈ
ਉਲਝ ਜਾਵੇ ਕਹਾਣੀ ਤਾਂ
ਅੰਦਰੋਂ ਦਾਸਤਾਨ ਬਣ ਆਉਂਦੀ ਹੈ ਕਵਿਤਾ।

ਇਨਸਾਨ ਹਾਂ ਮੈਂ
ਸੋਚਦਾ ਹਾਂ ਮੈਂ
ਹੱਸਦਾ ਹਾਂ ਮੈਂ
ਪਰ ਖੁਸ਼ੀਆਂ ਨੂੰ ਹੀ
ਪੱਲੇ ਰੱਖਦਾ ਹਾਂ ਮੈਂ
ਇਹ ਉਦਾਹਰਣ ਹੈ ਇਕ ਛੋਟੀ ਜਿਹੀ
ਮੇਰੀ ਇਸ ਫਿਤਰਤ ਦੀ
ਯਾਦ ਕਰਾ ਦਿੰਦੀ ਹੈ ਮੈਨੂੰ ਇਹ ਕਵਿਤਾ।

*

ਕੁਝ ਮੋਤੀ ਤੇਰੇ ਲਈ

ਬੇਈਮਾਨ ਤਾਂ ਹਾਂ
ਪਰ ਸੱਚਾ ਹਾਂ
ਭਾਂਡਾ ਤਾਂ ਹਾਂ
ਪਰ ਕੱਚਾ ਹਾਂ।

ਆਮ ਤਾਂ ਹਾਂ
ਪਰ ਨਾਕਾਮ ਨਹੀਂ ਹਾਂ
ਰਸਤਾ ਈ ਹਾਂ ਅਜੇ
ਮੁਕਾਮ ਨਹੀਂ ਹਾਂ।

ਕਾਫਿਰ ਨਾ ਆਖੋ
ਇਨਸਾਨ ਹਾਂ ਮੈਂ
ਉਸਦੇ ਹੀ ਘਰ ਦਾ
ਮਹਿਮਾਨ ਹਾਂ ਮੈਂ

ਫਿਤਰਤ ਨੂੰ ਦੇਖ ਕੇ
ਅੰਦਾਜਾ ਨਾ ਲਾਉਣਾ
ਫਕੀਰ ਨੂੰ ਦੇਖ ਕੇ
ਦਰਵਾਜਾ ਨਾ ਲਾਉਣਾ।

ਅੰਨਾ ਆਖ ਦਿੰਦੇ
ਦੇਖਕੇ ਉਹ ਚਾਰ ਅੱਖਾਂ
ਅੱਖਾਂ ਦਾ ਹੀ ਕਾਰਨਾਮਾ
ਪੜਦੀਆਂ ਨੇ ਹਜਾਰ ਅੱਖਾਂ।

ਮੱਖਣੀ ਪੁੱਤ ਪਾਲਦੀ
ਪੁੱਤ ਇਸ਼ਕ ਪਾਲਦਾ
ਪਾਲ ਕੇ, ਪਰੋਸ ਕੇ
ਲੜ ਕੇ ਜਾਂ ਰੋਸ ਕੇ
ਗਲਤੀ ਨੂੰ ਟਾਲਦਾ।

ਇਕ ਤਰਫਾ ਹੀ ਸਮਝੀ
ਜੋ ਤਕਰਾਰ ਹਾਂ ਮੈਂ
ਬਦ-ਦੂਆ ਨਾ ਦੇਵੀਂ
ਤੇਰਾਂ ਪਿਆਰ ਹਾਂ ਮੈਂ
ਤੇਰਾ ਪਿਆਰ ਹਾਂ ਮੈਂ।

*

ਹਾਲ

ਪਿੰਡ ਮੇਰੇ ਦੀਆਂ ਕੱਚੀਆਂ ਤੋਂ ਪੁੱਛੀਂ
ਸਾਂਭੀਆਂ ਉਹਨ੍ਹਾਂ ਫੱਟੀਆਂ ਤੋਂ ਪੁੱਛੀਂ
ਮੋੜਾਂ ਉੱਤੇ ਚਿੱਟੀਆਂ ਦਾੜੀਆਂ
ਬੰਨ੍ਹੇ ਸਾਫ਼ੇ
ਖੜੀਆਂ ਰੂਹਾਂ ਸੱਚੀਆਂ ਤੋਂ ਪੁੱਛੀ
ਰਾਤਾਂ ਕਾਲੀਆਂ ਅੱਛੀਆਂ ਤੋਂ ਪੁੱਛੀ
ਕਿ
ਕਿਦਾਂ ਰਿਹਾ ਇਜ਼ਹਾਰ ਕਰਦਾ
ਜੇ ਤੂੰ ਪੁੱਛਣਾਂ ਐ ਤਾਂ
ਪਿੰਡ ਮੇਰੇ ਦੀ ਜੂਹ ਤੋਂ ਪੁੱਛੀਂ
ਕਿੰਨਾ ਕੁ ਮੈਂ ਪਿਆਰ ਕਰਦਾ।

ਖੇਤਾਂ ਦੇ ਵਿਚ ਵੜਕੇ ਦੇਖੀਂ
ਬੰਨੇ ਉੱਤੇ ਖੜਕੇ ਦੇਖੀ
ਦੋ ਗਊ ਦੇ ਬੱਚਿਆਂ ਵਾਲੇ
ਸੁਹਾਗੇ ਉੱਤੇ ਚੜਕੇ ਦੇਖੀਂ
ਧੁੱਪਾਂ ਦੇ ਵਿਚ ਸੜਕੇ ਦੇਖੀਂ
ਪੈਲੀ ਕਿੱਦਾਂ ਰਿਹਾ ਤਿਆਰ ਕਰਦਾ
ਮੇਰੇ ਹਿੱਸੇ ਆਉਂਦੀ ਜ਼ਮੀਨ ਤੋਂ ਪੁੱਛੀਂ
ਕਿੰਨਾ ਕੁ ਮੈਂ ਪਿਆਰ ਕਰਦਾ

ਪੁੱਛਣਾਂ ਹਾਲ ਜਿਗਰੇ ਦਾ ਹੋਵੇ
ਦੇਖਣਾ ਸੀਨ ਵਿਗੜੇ ਦਾ ਹੋਵੇ
ਭੰਗੜਾ ਪਵਾਉਣਾ ਹਿਜੜੇ ਦਾ ਹੋਵੇ

ਜਾਂ
ਦੁਸ਼ਮਣ ਨੂੰ ਭਾਜੀ ਦੇਣ ਲਈ
ਕਿੱਦਾਂ ਰਿਹਾ ਹਥਿਆਰ ਬਣਦਾ
ਜੇ ਤੂੰ ਪੁੱਛਣਾਂ ਐ ਤਾਂ
ਮੇਰੇ ਯਾਰਾਂ ਤੋਂ ਪੁੱਛੀਂ
ਕਿੰਨਾ ਮੈਂ ਪਿਆਰ ਕਰਦਾ।

ਮੋਮ ਵਾਂਗ ਮੈਂ ਢੱਲਣਾ ਸਿੱਖਿਆ
ਭੁੱਖ ਨਾਲ ਮੈਂ ਪਲਣਾ ਸਿੱਖਿਆ
ਭਾਣੇ ਨਾਲ ਮੈਂ ਚੱਲਣਾ ਸਿੱਖਿਆ
ਤੂੰ ਪੁਛੇਗੀਂ ਸਵਾਲ ਜੋ ਅਗਲਾ
ਉਹਦਾ ਜਵਾਬ ਹੈ ਇਹ
ਵਜਾ ਪ੍ਰਦੇਸ਼ ਆਉਣੇ ਦੀ
ਮੁਕਦਾ ਪੰਜਾਬ ਹੈ ਇਹ
ਛੱਡਿਆ ਤਾਂ ਅਤੀਤ ਨੂੰ
ਹੁੰਦਾ ਦੇਖ ਨਹੀਂ ਸੀ
ਪਲ ਪਲ ਉਹ ਸਰਦਾਰ ਮਰਦਾ
ਪੁੱਛਣਾ ਹੈ ਤਾਂ ਮੇਰੇ ਬਾਪ ਤੋਂ ਪੁੱਛੀਂ
ਗਿੱਲ ਕਿੰਨਾ ਕੁ ਹੈ ਪਿਆਰ ਕਰਦਾ
ਪੁੱਛਣਾ ਹੈ ਤਾਂ ਉਹ ਵਖਤਾਂ ਤੋਂ ਪੁੱਛੀਂ
ਗਿੱਲ ਕਿੰਨਾ ਕੁ ਹੈ ਪਿਆਰ ਕਰਦਾ।

*

ਜਿੰਦਗੀ

ਮੈਂ ਆਖਿਆ ਇਕ ਦਿਨ ਜਿੰਦਗੀ ਨੂੰ
ਆਜਾ ਦੋ ਗੱਲਾਂ ਕਰੀਏ
ਕਹਿੰਦੀ ਮੇਰੇ ਲਈ ਤੇਰੇ ਕੋਲ
ਵਕਤ ਹੈ ਭਲਾ?

ਮੇਰੇ ਨਾਲੋਂ ਤੈਨੂੰ ਸਮਾਂ ਪਿਆਰਾ
ਜੋ ਮੇਰੇ ਮੁੱਕ ਜਾਣ ਦਾ
ਤੈਨੂੰ ਡਰਾਵਾ ਦੇ ਰਿਹਾ ਏ
ਸਕਿੰਟਾਂ ਵਾਲੀ ਸੂਈ ਤੋਂ ਵੀ
ਵੱਧ ਭਜੱਣ ਲਈ
ਵਧਾਵਾ ਦੇ ਰਿਹਾ ਏ।

ਕਹਿੰਦੀ ਚੱਲ ਗੱਲਾਂ ਕਰ ਲੈ
ਪਰ ਕੀ ਆਖ ਸੁਣਾਵੇਂਗਾ?
ਆਪਣੀ ਲਾਲਸਾ ਪੈਸੇ ਵਾਲੀ ਦਾ
ਤੁਪਕਾ ਤੁਪਕਾ ਮੇਰੀ ਝੋਲੀ ਪਾਵੇਂਗਾ
ਜਾਂ ਫਿਰ
ਤੰਗੀਆਂ ਮਜ਼ਬੂਰੀਆਂ ਦੀ
ਰੇਲ ਗੱਡੀ ਬਣਾਵੇਂਗਾ

ਮੈਂ ਖੁਸ਼ੀਆਂ ਤੇ ਗਮੀਆਂ ਦੀ ਬਨਾਵਟ ਹਾਂ
ਮੌਤ ਤੇ ਮੰਜਿਰ ਤੋਂ
ਪਹਿਲਾਂ ਵਾਲੀ ਰੁਕਾਵਟ ਹਾਂ
ਸੱਪ ਤੇ ਰਾਤ ਵਿਚਲੀ

ਅਨੁਮਾਨਿਤ ਘਬਰਾਹਟ ਹਾਂ
ਥੋੜੀ ਬਹੁਤੀ ਇੱਜਤ ਮੇਰੀ ਵੀ ਬਣਾ
ਮੈਂ ਪਲੀਤ ਹੋ ਜਾਣਾ ਏ
ਜਦੋਂ ਮੈਂ ਮੁੱਕ ਗਈ
ਮਾਇਆ ਰੂਪੀ ਭੱਠੀ ਨੇ ਵੀ ਸੀਤ ਹੋ ਜਾਣਾ ਏ।

ਗਿੱਲਾ ਕੱਟ ਕੱਟ ਕੇ ਕਿਉਂ ਗੁਜਾਰੇ
ਮੁਸ਼ਕਿਲਾਂ ਤਾਂ ਮੇਰੀਆਂ ਰਾਹਾਂ ਨੇ
ਤੂੰ ਗਲੇ ਕਿਉਂ ਨਹੀਂ ਲਾਉਂਦਾ?
ਦੂਰ ਹੈ ਤੂੰ ਮੈਨੂੰ ਜੀ ਕੇ ਵੀ
ਨੇੜੇ ਕਿਉਂ ਨਹੀਂ ਆਉਂਦਾ?
ਅਨਮੋਲ ਕਹਿ ਕੇ ਵੀ ਸਾਰੇ
ਜਦੋਂ ਮੁੱਲ ਮੇਰਾ ਪਾਉਣ ਲੱਗ ਪਏ
ਪਹਿਲਾਂ ਦੱਸ ਦੇਵਾਂ
ਸ਼ਾਇਦ ਤੈਨੂੰ ਦੇਰ ਹੋਜੇ
ਉਹ ਮੁੱਖ ਹੰਝੂਆਂ ਨਾਲ ਧੋਣ ਲੱਗ ਪਏ
ਸਮਝ ਲਈਂ ਕਿ
ਮੈਂ ਚਲੀ ਗਈ ਹਾਂ
ਜਦੋਂ ਨੇੜਲੇ ਤੇਰੇ ਰੋਣ ਲੱਗ ਪਏ।

*

ਮਾਂ

ਮੈਂ ਇਕ ਦਿਨ ਮਾਂ ਨੂੰ ਫੋਨ ਘੁਮਾਇਆ
ਅੱਗੋਂ ਆਵਾਜ਼ ਆਈ
ਸ਼ੁਕਰ ਆ ਪੁੱਤਰਾ
ਤੈਨੂੰ ਮੇਰਾ ਚੇਤਾ ਵੀ ਆਇਆ

ਮੈਂ ਹੱਸ ਕੇ ਅੱਗੋਂ ਆਖਣ ਲੱਗਾ
ਮਾਂ ਮੇਰੀਏ
ਤੂੰ ਕਿੱਥੇ ਭੁੱਲ ਸਕਦੀ ਏ
ਬੱਸ ਕੰਮਾਂ ਕਾਰਾਂ ਤੋਂ ਹੀ
ਟਾਈਮ ਨਹੀਂ ਲੱਗਦਾ

ਮੈਂ ਗੱਲ ਡਾਲਰਾਂ ਤੋਂ ਹੀ
ਸ਼ੁਰੂ ਕਰਕੇ
ਡਾਲਰਾਂ ਵਿਚ ਹੀ ਮੁਕਾ ਦਿੱਤੀ
ਵੇ ਪੁੱਤ ਰੋਟੀ ਵੀ ਖਾਂਦਾ ਹੁੰਦੈ
ਬੱਸ ਆਹੀ ਲਾਈਨ ਨੇ
ਮੇਰੀ ਜਿੰਦ ਹਲੂਣੇ ਪਾ ਦਿੰਤੀ।

ਫਿਰ ਗੱਲਾਂ ਚੱਲ ਪਈਆਂ
ਕੀ ਕੀ ਖਾਂਦਾਂ ਹੁੰਦਾ ਸੀ
ਮੈਂ ਚਾਈਂ ਚਾਈ

ਕਦੇ ਬੇਬੇ ਆਹ ਬਣਾਈ
ਕਦੇ ਬੇਬੇ ਆਹ ਬਣਾਈ

ਹਾਲੇ ਤੀਕ ਯਾਦ ਸੀਂ ਉਹਨੂੰ
ਭਿੰਡੀਆਂ ਨਹੀਂ ਸੀ ਖਾਂਦਾ ਮੈਂ
ਹਾਲ ਤੀਕ ਯਾਦ ਸੀ ਉਹਨੂੰ
ਬਿਨ ਜੱਫ਼ੀ ਸਕੂਲ ਨਹੀਂ ਸੀ ਜਾਂਦਾ ਮੈਂ

ਅੱਗੋਂ ਸਵਾਲ ਉਹਦੇ ਨੇ
ਅੰਦਰ ਹਿਲਾ ਦਿੱਤਾ
ਵੇ ਕੰਮ ਤੇ ਕਿੰਝ ਚਲਾ ਜਾਂਦਾਂ ਏ
ਗਿੱਲਾ ਖੜਾ ਖੜਾ ਹੀ ਰੁਵਾ ਦਿੱਤਾ।

ਵਿਸ਼ਾ ਬਚਪਨ ਦੀਆਂ ਯਾਦਾਂ ਦਾ
ਕੁਝ ਬਾਹਲਾ ਹੀ ਖੁੱਲ ਗਿਆ ਸੀ
ਸਾਰੀ ਜਵਾਨੀ ਉਤਾਰ ਨਾ ਸਕਿਆ
ਉਹ
ਜਿਹੜੇ ਮੁੱਲ ਪਿਆ ਸੀ

ਹਸਾ ਕੇ ਤੁਰ ਜਾਂਦੇ ਬਹੁਤ ਮਾਏ..
ਭੁਲਾ ਕੇ ਤੁਰ ਜਾਂਦ ਬਹੁਤ ਮਾਏ..
ਛੁਪਾ ਕੇ ਤੁਰ ਜਾਂਦੇ ਬਹੁਤ ਮਾਏ..

ਭੇਦ ਫੋਨ ਤੇ ਮਮਤਾ ਦਾ
ਉਦੋਂ ਗਿੱਲਾ ਖੁੱਲ ਗਿਆ ਸੀ
ਮੈਂ ਆਖਿਆ ਮਾਏ
ਸ਼ੁੱਕਰ ਆ ਮੈਂ
ਤੈਨੂੰ ਫੋਨ ਲਾ ਲਿਆ
ਮੈਂ ਤਾਂ ਰੋਣਾ ਹੀ ਭੁੱਲ ਗਿਆ ਸੀ।

*

ਲਿਖਦਾ ਇਸ ਕਰਕੇ

ਮੈਂ ਲਿਖਦਾ ਇਸ ਕਰਕੇ
ਉਹ ਸੁਣ ਨਾ ਲੈਣ
ਸੱਥਰ ਹਿੱਜਰਾਂ ਦਾ
ਮੇਰੀ ਕਲਮ ਦੇ ਸਿਰ ਤੇ
ਦੁੱਖਾਂ ਵਿਚਲੀ ਸਿਆਹੀ
ਕਿਤੇ ਪੁਣ ਨਾ ਲੈਣ
ਮੈਂ ਲਿਖਦਾ ਇਸ ਕਰਕੇ
ਉਹ ਸੁਣ ਨਾ ਲੈਣ

ਬੁਲਬੁਲ ਬਣੇ ਨੇ
ਕਈ ਪਤਝੜ ਹੰਡਾ ਕੇ
ਖੰਭਾਂ ਵਿਚਲੀ ਸੁੰਦਰਤਾ
ਕਿਤੇ ਚੁਣ ਨਾ ਲੈਣ
ਮੈਂ ਲਿਖਦਾ ਇਸ ਕਰਕੇ
ਉਹ ਸੁਣ ਨਾ ਲੈਣ

ਜਾਂ ਨਕਸਲਵਾਦੀ
ਵਾਹਦਾ ਏ ਹਕੂਮਤ
ਜਾਂ ਲੋਕਵਾਦੀ
ਮੇਰੀ ਕਬਰਾਂ ਦਾ ਰਾਹ
ਔ-ਗੁਣ ਨਾ ਲੈਣ
ਮੈਂ ਲਿਖਦਾ ਇਸ ਕਰਕੇ
ਉਹ ਸੁਣ ਨਾ ਲੈਣ

ਫਰਮਾਇਸ਼ ਏ ਖੁਦਾ ਨੂੰ
ਸਜਾ ਦੇਵੀਂ ਚੁੱਕਵੀਂ
ਕਿੰਨੀ ਮਾੜੀ ਕਿਸਮਤ
ਫਾਂਸੀ ਵਾਲੇ ਰੁੱਖ ਦੀ
ਥਾਂ ਲੱਕੜ ਬਗੇ ਦੀ
ਕਿਤੇ ਘੁਣ ਨਾ ਲੈਣ
ਮੈਂ ਲਿਖਦਾ ਇਸ ਕਰਕੇ
ਉਹ ਸੁਣ ਨਾ ਲੈਣ।

*

ਦਿਲ ਦੇ ਨੇੜੇ

ਇਹਨਾਂ ਰਾਸ਼ੀਆਂ ਉੱਤੇ ਯਕੀਨ ਨਹੀਂ
ਮੈਂ ਮੂਰਤੀਆਂ ਉੱਤੇ ਵਿਸਵਾਸ਼ ਨਹੀਂ ਕਰਦਾ
ਜੱਟ ਦੀ ਜੂਨ ਚੰਗੀ ਜਾਂ ਮਾੜੀ
ਹੁੰਦੀ ਰੱਬ ਨਾਲ ਗੱਲਬਾਤ ਸਿੱਧੀ
ਖੇਤਾਂ ਵਿਚ ਜਦ ਪਰ ਮੈਂ ਧਰਦਾ।

ਨਾਨਕ ਸੁੱਤੇ ਸੀ ਤਿੱਖੀ ਧੁੱਪ ਥੱਲੇ
ਬਣ ਨਾਗ ਕੀਤੀ ਛਾਇਆ ਸੀ
ਧੰਨਾ ਜੱਟ ਸੀ ਰੁੱਸਿਆ ਬੈਠਾ
ਉਹਨਾ ਆਪੇ ਆਣ ਬੁਲਾਇਆ ਸੀ
ਰੱਬ ਤਾਂ ਕੁਦਰਤ ਦੇ ਵਿਚ ਵੱਸਦਾ
ਸਭ ਨਾਲ ਮਿੱਠੀਆਂ ਗੱਲਾਂ ਕਰਦਾ
ਜੱਟ ਦੀ ਜੂਨ ਚੰਗੀ ਜਾਂ ਮਾੜੀ
ਹੁੰਦੀ ਰੱਬ ਨਾਲ ਗੱਲਬਾਤ ਸਿੱਧੀ
ਖੇਤਾਂ ਵਿਚ ਜਦ ਪਰ ਮੈਂ ਧਰਦਾ।

ਜਿੰਦ ਸਕੂਨ ਏ ਇਸ਼ਕ ਹਵਾਲੇ ਹੋ ਗਈ
ਜਦ ਆਣ ਤੂਤ ਦੀ ਛਾਵੇਂ ਬੈਠਾ
ਸ਼ਾਂਤ ਜਗਾ ਤੇ ਪੰਛੀ ਚਹਿਕਣ
ਪੰਛੀਆਂ ਨਾਲ ਮੈਂ ਗੱਲਾਂ ਕਰਦਾ
ਜੱਟ ਦੀ ਜੂਨ ਚੰਗੀ ਜਾਂ ਮਾੜੀ
ਹੁੰਦੀ ਰੱਬ ਨਾਲ ਗੱਲਬਾਤ ਸਿੱਧੀ
ਖੇਤਾਂ ਵਿਚ ਜਦ ਪਰ ਮੈਂ ਧਰਦਾ।

ਉਸ ਹਸੀਨ ਨਜ਼ਾਰੇ ਵਾਲਾ
ਅੱਜ ਵਕਤ ਇਹ ਚੇਤੇ ਆਇਆ ਸੀ
ਵੱਡੀਆਂ ਇਮਾਰਤਾਂ ਦੇ ਲੈਂਦਾ ਸੀ ਸੁਪਨੇ
ਗਿੱਲ ਰੋਂਦਾ ਵਾਪਿਸ ਆਇਆ ਸੀ।

ਧਰਤੀ ਮਾਂ ਸੀ ਪੁੱਛਦੀ ਮੈਨੂੰ
ਤੈਨੂੰ ਰੱਬ ਵੀ ਚੇਤੇ ਆਇਆ ਨਹੀਂ
ਉਸ ਯਾਦ ਨੇ ਅਮਰ ਰਵਾਇਆ
ਨਾਲੇ ਰਿਹਾ ਸੀ ਹਉਕੇ ਭਰਦਾ
ਜੱਟ ਦੀ ਜੂਨ ਚੰਗੀ ਜਾਂ ਮਾੜੀ
ਹੁੰਦੀ ਰੱਬ ਨਾਲ ਗੱਲਬਾਤ ਸਿੱਧੀ
ਖੇਤਾਂ ਵਿਚ ਜਦ ਪਰ ਮੈਂ ਧਰਦਾ।

*

ਮਹਿਸੂਸ

ਸ਼ਾਇਦ ਤੂੰ ਵੀ ਕਦੇ ਮਹਿਸੂਸ ਕਰਦੀ ਹੋਵੇਂਗੀ
ਤੇਰੀ ਰੂਹ ਨਾਲ ਮੈਂ ਗੱਲਾਂ ਕਰਦਾ ਰਹਿੰਦਾ ਹਾਂ।
ਤੂੰ ਮੰਨ ਚਾਹੇ ਨਾ ਮੰਨੇ
ਤੈਨੂੰ ਜਾਨ ਜਾਨ ਕਰਦਾ ਰਹਿੰਦਾ ਹਾਂ
ਮੰਨਿਆ ਤੇਰੇ ਬਰਾਬਰ ਨਹੀਂ ਓ ਖੜ ਸਕਦੇ
ਤੇਰੇ ਚਲਦੇ ਕਦਮਾਂ ਥੱਲੇ
ਤਲੀਆਂ ਧਰਦਾ ਰਹਿੰਦਾ ਹਾਂ।

ਤੂੰ ਕਦੇ ਸੋਚਿਆ ਵੀ ਨੀ ਹੋਣਾ
ਮੰਨ ਘੜਤਾਂ ਘੜਦਾ ਰਹਿੰਦਾ ਹਾਂ
ਜਿੰਦਗੀ ਵਿਚ ਇਕ ਮੌਕਾ ਮਿਲੇ
ਤੈਨੂੰ ਦਿਲ ਦੀ ਮੈਂ ਆਖ ਸਕਾਂ
ਆਪਣੇ ਰੱਬ ਨਾਲ ਇਹੋ ਜਿਹੀਆਂ ਕੁਝ
ਗੱਲਾਂ ਕਰਦਾ ਰਹਿੰਦਾ ਹਾਂ।

ਉਚ ਚੋਟੀ ਦੀ ਹਸਤੀ ਤੇਰੀ
ਉਚ ਕੋਟੀ ਦੇ ਦੋਸਤ ਤੇਰੇ
ਦੋਸਤਾਂ ਨਾਲ ਤੂੰ ਹਸਦੀ ਰਹਿੰਦੀ
ਦੇਖ ਕੇ ਸੜਦਾ ਰਹਿੰਦਾ ਹਾਂ
ਅਕਾਸ਼ ਵਿਚ ਉੱਡਦੇ ਪਰਿੰਦੇ
ਕਹਿੰਦੇ ਤੇਰੇ ਹੁਸਨ ਦੇ
ਉਡੀਕ ਹੈ ਮੇਰੇ ਬਨੇਰੇ ਆਉਣ

ਮੈਂ ਖਾਹਬਾਂ ਵਿਚ ਫੜਦਾ ਰਹਿੰਦਾ ਹਾਂ

ਗਿੱਲ ਦੇ ਸੁਪਨੇ ਵਿਚ ਤੂੰ ਆਵੇਂ
ਪਹਿਲੇ ਬੈਂਚ ਤੇ ਬੈਠੀ ਹੱਸਦੀ
ਸੋਹਣਾ ਮੁੱਖ ਤੇਰਾ ਨਜਰੀ ਆਵੇ
ਬੱਸ ਅੱਖ ਅਮਰਜੀਤ ਦੀ ਖੁੱਲ ਨਾ ਜਾਵੇ
ਇਸੇ ਗੱਲੋਂ ਡਰਦਾ ਰਹਿੰਦਾ ਹਾਂ
ਇਸੇ ਗੱਲੋਂ ਡਰਦਾ ਰਹਿੰਦਾ ਹਾਂ।

*

ਕਲਯੁੱਗ

ਕਿੰਨੇ ਕਲਯੁੱਗੀ ਧਰਤੀ ਨੇ ਹੈ ਜਾਏ
ਇਹ ਲੋਕ ਉਹਨਾਂ ਰੂਹਾਂ ਤੋਂ ਨੇ
ਝੱਟ ਆਪਣੇ ਹੋਣ ਪਰਾਏ..
ਕੁਝ ਘੱਟ ਹੀ ਹੁੰਦੇ ਨੇ
ਜੋ ਲਾ ਯਾਰ ਨੂੰ ਪਾਰ ਦਿੰਦੇ
ਕੁਝ ਬਹੁਤੇ ਹੁੰਦੇ ਨੇ
ਲਾ ਚੁਗਲੀਆਂ ਦੀ ਪਾਉੜੀ
ਗਦਾਰ ਖੂਹ 'ਚ ਉਤਾਰ ਦਿੰਦੇ।

ਕਈਆਂ ਸਿਰ ਵੱਢੇ ਨੇ ਯਾਰਾਂ ਲਈ
ਕਈਆਂ ਯਾਰ ਵੱਢੇ ਨੇ ਪਿਆਰਾਂ ਲਈ
ਉਹ ਵਿਰਲਾ ਹੁੰਦਾ ਏ
ਮਾਰ ਥੱਪੜ ਯਾਰ ਨੂੰ ਨਸ਼ੇ ਤੋਂ ਹਟਾਏ
ਬਹੁਤੇ ਜੇਬ ਫੁੱਲੀ ਦੇਖ
ਲਿਜਾਕੇ ਸਾਈਡ ਤੇ ਸੁਆਦ ਦਿਖਾਵੇ
ਕਈਆਂ ਯਾਰਾਂ ਨੇ ਯਾਰਾਂ ਦੀ ਬਣਾਈ ਜਿੰਦਗੀ
ਕਈਆਂ ਨਸ਼ੇ ਉੱਤੇ ਲਾ ਕੇ ਹੈ ਰੁਲਾਈ ਜਿੰਦਗੀ

ਕੁਝ ਥੋੜੇ ਸੱਜਣ ਹੁੰਦੇ ਨੇ
ਹੱਥ ਵਿਛਾਉਣ ਲਈ
ਬਹੁਤੇਆਂ ਤੀਰ ਕੱਸੇ ਹੁੰਦੇਨੇ
ਭੰਡੀ ਕਰਵਾਉਣ ਲਈ
ਇਹ ਬਣ ਕੇ ਸੀਨੇ ਚੱਲ ਰਹੀ
ਦੋ ਪਾਸੀ ਦੰਦਿਆਂ ਵਾਲੀ ਆਰੀ ਏ

ਛੱਡ ਅਮਰਜੀਤ ਰਹਿਣ ਦੇ
ਗੁੱਸੇ ਗਿਲਿਆਂ ਨੂੰ
ਇਹ ਦੁਨੀਆ ਦਾਰੀ ਏ।

*

ਬਾਬਾ ਨਾਨਕ

ਸੁਣੀ ਬਾਬਾ ਜੀ ਅਰਜ ਮੇਰੀ
ਕੌਮ ਤੁਰ ਪਈ ਕਿਹੜੇ ਰਾਹ ਤੇਰੀ
ਘੇਰਾ ਜਾਤ ਪਾਤ ਨੇ ਹੈ ਪਾਇਆ
ਬੱਦਲ ਨਫ਼ਰਤ ਦਾ ਹੈ ਛਾਇਆ
ਏਕਤਾ ਵਾਲਾ ਆਜਾ ਤੂੰ ਮੀਂਹ ਵਰਸਾਉਣ ਲਈ
ਬਾਬਾ ਨਾਨਕ ਆਜਾ ਇੱਕ ਉਦਾਸੀ ਲਾਉਣ ਲਈ।

ਪੈਦਲ ਚੱਲ ਕੇ ਸਾਰਾ ਸੰਸਾਰ ਘੁੰਮ ਆਇਆ ਸੀ
ਕਿਰਤ ਕਰੋ ਤੇ ਵੰਡ ਛੱਕੋ
ਕੁੱਲ ਦੁਨੀਆਂ ਨੂੰ ਸਿਖਾਇਆ ਸੀ
ਅੱਜ ਮੇਰਾ ਮੇਰਾ ਕਰਦੇ ਜਿਹੜੇ
ਉਹਨਾ ਮੱਤ ਸਿਖਾਉਣ ਲਈ
ਬਾਬਾ ਨਾਨਕ ਆਜਾ ਇਕ ਉਦਾਸੀ ਲਾਉਣ ਲਈ।

ਤੂੰ ਤੇਰਾ ਤੇਰਾ ਤੋਲ ਕੇ
ਮੁੱਖੋਂ ਵਾਹਿਗੁਰੂ ਵਾਹਿਗੁਰੂ ਬੋਲ ਕੇ
ਹੋਇਆ ਤਦ ਵੀ ਪੂਰਾ ਨਫਾ
ਤੂੰ ਬਾਬਰ ਦੇ ਸੀ ਨੈਣ ਖੋਲਤੇ
ਫੱਟੀ ਇੱਕ ਉਂਕਾਰ ਵਾਲੀ
ਫਿਰ ਪੜਾਉਣ ਲਈ
ਬਾਬਾ ਨਾਨਕ ਆਜਾ ਇਕ ਉਦਾਸੀ ਲਾਉਣ ਲਈ।

ਤੇਰੇ ਦਰ ਤੇ ਅਮਰਜੀਤ ਜਾਂਦਾ
ਬਾਬਾ ਤੇਰੀ ਦਿੱਤੀ ਖਾਂਦਾ

ਇਕਉਂਕਾਰ ਦਾ ਆਸਰਾ ਲੈ ਕੇ
ਜੋ ਦੇਵੇ ਝੋਲੀ ਪਾਉਂਦਾ
ਉਹਦੀ ਮੱਤ ਨੂੰ ਨੀਂਵੀਂ ਕਰਦੇ
ਮਨਉੱਚਾ ਦਰਸਾਉਣ ਲਈ
ਬਾਬਾ ਨਾਨਕ ਆਜਾ ਇਕ ਉਦਾਸੀ ਲਾਉਣ ਲਈ।

*

ਇਨਸਾਨ ਨਹੀਂ ਹੈਵਾਨ ਹੈ

ਸ਼ਿਕਾਰ ਨੂੰ ਤਾੜਦਿਆਂ ਦਹਾੜਦਿਆਂ
ਸ਼ੇਰ ਨੇ ਮਨ ਸਮਝਾਇਆ ਹੋਣਾ
ਘਰੋ ਤੁਰਨ ਲੱਗੇ ਹਿਰਨ
ਗੱਲ ਬੱਚਿਆ ਨੂੰ ਲਾਇਆ ਹੋਣਾ
ਕਿ ਮੁੜ ਆਵਾਂਗਾ ਮੈਂ।

ਇਕ ਆਸ ਨੇ ਆਗਾਸ ਜਗਾਇਆ ਹੋਣਾ।

ਪਰ ਇਹ ਭੁੱਲ ਗਿਆ
ਜੰਗਲ ਵਿਚ ਰਹਿੰਦਾ ਹਾਂ
ਭੁੱਖ ਦੀ ਪੂਜਾ ਕਰ ਰਿਹੈ
ਕੋਈ ਉਡੀਕ ਨੂੰ ਨਾਪੇ!!!
ਅੱਜ ਮਾਸ ਹੱਡੀਆਂ ਤੇ ਰਿੱਝਣਾਂ

ਵੱਡੇ ਘਰਾਂ ਇਲਾਕੇ

ਮਾੜੇ ਨੂੰ ਮਾਰੇ ਤਕੜਾ
ਤਕੜੇ ਨੂੰ ਮਾਰੇ ਗੁਮਾਣ
ਉਹੀ ਵਾਕਿਆ ਢੁਕਿਆ ਲੋਕੋ
ਅੱਜ ਆਣ ਉੱਪਰ ਇਨਸਾਨ
ਰੱਬ ਦੀ ਓਟ ਤੱਕੀ ਐ
ਨਫਾ ਹੋਵੇ ਜਾਂ ਨੁਕਸਾਨ
ਦਿਲ ਵਿਚ ਕੌੜਾ ਤਣਾਅ
ਮਿੱਠੀ ਚਿਹਰੇ ਤੇ ਮੁਸਕਾਨ

ਜੋ ਬਣ ਬੈਠਾ ਹੈਵਾਨ

ਵਖ਼ਤ ਖਲਕਤੇ ਮਾੜਾ ਏ
ਅੱਜ ਆਣ ਉੱਪਰ ਇਨਸਾਨ

*

ਰਾਂਝਾ

ਕਿਉਂ ਭੁੱਲ ਕੇ ਨਾ ਤੂੰ ਧੀਦੋ ਦਾ
ਰਾਂਝਾ ਬੇਫਿਕਰਾ ਬਣ ਚੱਲਿਆ
ਕਿਉਂ ਫੜ ਕੇ ਲੜ ਮੁਹੱਬਤ ਦਾ
ਮੋਹ ਖਿਲਰਾਂ ਕਰ ਚੱਲਿਆ।

ਜਿਹਦੇ ਪਿਛੇ ਲੱਗ ਕੇ ਘਾਣ
ਜਵਾਨੀ ਕਰ ਬੈਠਾ
ਸੀ ਜੱਟ ਲਾਹੌਰੀ ਤੂੰ
ਕਿਥੇ ਚੋਅਰਾ ਬਣ ਬੈਠਾ

ਸੋਹਣੇ ਸ਼ੈਲ ਜਿਹੇ ਸੀਨੇ ਨੂੰ
ਲਾ ਬੇਲੇਆਂ ਸੰਗ ਬੱਸ ਅੜ ਗਿਆ ਏ
12 ਸਾਲ ਦਾ ਸਮਾਂ ਇਹ ਤੇਰਾ
ਹਿੰਮਤ ਪੁਰੇ ਲਈ ਖੜ ਗਿਆ ਏ

ਉਹ ਵਿਚ ਸਿਆਲਾਂ ਦੇ ਬਹਿ ਗਈ ਏ
ਜਿਹਨੂੰ ਘਰ ਦਾ ਬੂਹਾ ਦਿਖਾਉਣਾ ਸੀ
ਪਿਆਰ ਸੀ ਗਿੱਲਾ
ਕਿਹੜਾ ਮੈਦਾਨ ਸੀ ਜੰਗ ਦਾ
ਜਿਹੜਾ ਜਿੱਤ ਕੇ ਆਉਣਾ ਸੀ।

*

ਨਿਕੰਮੀ ਸੋਚ

ਸੋਚ ਨਿਕੰਮੀ ਵਾਲੇ ਕੀ ਸਮਝਣ
ਸੱਚੇ ਸੁੱਚੇ ਹਰਫਾਂ ਨੂੰ
ਬਾਤ ਇੰਨੀ ਕੁ ਜਾਣਦੇ ਨੇ
ਮਤਲਬ ਕੱਢਣ ਦੀਆਂ ਤਰਫਾਂ ਨੂੰ

ਰੱਬ ਨੂੰ ਕੋਲ ਲਿਆਉਣ ਲਈ
ਬੰਦਾ ਕਿੰਨੇ ਬਾਣੇ ਬੁਣਦਾ ਏ
ਪੀਰ ਫਕੀਰ ਜਾਂ ਹੋਵੇ ਪੈਗੰਬਰ
ਸਭਨਾਂ ਦੀ ਰੱਬ ਸੁਣਦਾ ਏ
ਲਾਈਨਾਂ 'ਚ ਲੱਗਕੇ ਨਹੀਂ ਮਿਲਦਾ
ਉਹ ਤਾਂ ਰਾਹਾਂ 'ਚ ਰੁਲਦੇ ਚੁਣਦਾ ਏ।

ਪੈਸਾ ਇਨਸਾਨ ਲਈ ਬਣਿਆ ਸੀ
ਹੁਣ ਇਨਸਾਨ ਪੈਸੇ ਲਈ ਬਣ ਬੈਠਾ
ਰੱਬ ਵੀ ਸਿਆਣਾ ਹੋਇਆ ਜਾਪੇ
ਪੈਸੇ ਪਿੱਛੇ ਮੂਰਤੀ ਬਣ ਬੈਠਾ।

ਸਾਰੀ ਜਿੰਦਗੀ ਲੇਖੇ ਲਈ
ਬਾਹਲੀ ਧੰਨ ਦੌਲਤ ਕਮਾਈ
ਕੋਠੀ ਰੰਗਲੀ ਜਿਹੀ ਸੀ ਪਾਈ
ਅੱਜ ਉਹ ਵੀ ਸੁੰਨੀ ਕਰ ਗਿਆ ਏ
ਅਮਰਜੀਤ ਤਾ ਆਪਣੇ ਘਰ ਨੂੰ ਗਿਆ
ਲੋਕੀ ਕਹਿੰਦੇ ਮਰ ਗਿਆ ਏ।

*

ਸੱਜਦਾ ਹੈ ਤੇਰੇ ਸ਼ਹਿਰ ਨੂੰ

ਸੱਜਦਾ ਹੈ ਤੇਰੇ ਸ਼ਹਿਰ ਨੂੰ
ਇਮਾਰਤਾਂ ਪਾਈਆਂ ਨੇ ਉੱਚੀਆਂ
ਨੀਹਾਂ ਪੱਟਦਿਆਂ ਸਾਰ ਹੀ
ਥੱਲੇ ਦੱਬ ਗਏ ਨੀਤਾਂ ਸੁੱਚੀਆਂ

ਬੜੇ ਦਲਾਲ ਘੁੰਮਦੇ ਨੇ
ਜਲੀਲ ਹੋਣਾ ਪੈਂਦਾ ਏ
ਪੱਲੇ ਅੱਡ ਕੇ ਡੱਕਾ ਨਹੀਂ ਮਿਲਦਾ
ਹੱਥਾਂ ਚੋਂ ਖੋਣਾ ਪੈਂਦਾ ਏ।

ਸੁਵਤੰਰਤਾ ਦਾ ਅਪਮਾਨ ਵੀ ਹੁੰਦਾ ਏ
ਹੈਵਾਨ ਵਰਗਾ ਇਨਸਾਨ ਵੀ ਹੁੰਦਾ ਏ
ਅਦਾਲਤਾਂ ਵੀ ਵਿਕ ਜਾਂਦੀਆਂ ਨੇ
ਪੈਸੇ ਦਾ ਯੋਗਦਾਨ ਵੀ ਹੁੰਦਾ ਏ

ਸੁਣਿਆਂ ਰਿਵਾਜ ਪੁਰਾਣਾ ਏ ਕਿ
ਉਹ ਢੇਰਾਂ ਤੇ ਦੀਵੇ ਜਗਾਉਂਦ ਨੇ
ਚੰਗੇ ਭਲੇ ਨਾਗਰਿਕਾਂ ਨੂੰ
ਵੋਟ ਕਹਿ ਕੇ ਬੁਲਾਉਂਦੇ ਨੇ

ਅਮਰਜੀਤ ਸਿੰਆਂ ਰੰਗ ਦੇ ਚਿੱਟੇ ਚੰਗੇ ਸੀ
ਐਵੇ ਫਾਂਸੀ ਚੜਾ ਦਿੱਤੇ
ਕਾਲੇ ਦਿਲਾਂ ਦੇ ਕਹਿਰ ਨੂੰ
ਬੱਸ.... ਸੱਜਦਾ ਹੈ ਤੇਰੇ ਸ਼ਹਿਰ ਨੂੰ।

*

ਕਾਹਨਿਆਂ ਦੀ ਛੱਤ

ਛੱਤ ਕਾਹਨਿਆਂ ਦੀ ਪਾਉਣੀ
ਉਹ ਫਿਰ ਵੀ ਨਾ ਚੋਣੀ

ਥੋੜੀ ਧਰਤੀ ਕੀ ਹਿੱਲੀ
ਕਿਉਂ ਪੈਂਟ ਹੋ ਗਈ ਗਿੱਲੀ

ਸੀਗਾ ਮਰਨੇ ਦਾ ਚਾਅ
ਦਿੱਤੀ ਜਾਨ ਉਹਨਾਂ ਲਾਅ

ਜੱਦੋਂ ਹੱਸਣੇ ਦੀ ਵਾਰੀ ਆਈ
ਗਏ ਕੀਰਨੇ ਪਵਾ

ਅਸੀਂ ਦਿਲੋਂ ਤਾਂ ਨਰੋਏ
ਖਲੋਣ ਜੋਗੇ ਹੋਏ

ਤੁਸੀਂ ਤਕਸੀਮ ਜਿਹੀ ਲਾ ਕੇ
ਲੱਗੇ ਗਿਣਤੀ ਮੁਕਾ

ਇਕੋ ਗੱਲ ਦਾ ਸੀ ਸ਼ੱਕ
ਗਏ ਸੂਰਮੇ ਪੁਗਾ

ਹੋਇਆ ਸ਼ੇਰੇਆਮ ਧੋਖਾ
ਖੋਲ ਸਾਕੇ ਨੀਲੇ ਦੀ ਕਿਤਾਬ

ਗਿੱਲਾ ਸੱਚ ਦੀ ਸੁਣਾ
ਖੋਰੇ ਕਿੰਨੇ ਵਿਕੇ ਸਿਰ
ਇਕ ਇੰਦਰਾ ਦੀ ਥਾਂ

ਇਕ ਇੰਦਰਾ ਦੀ ਥਾਂ।

*

ਪੈਸਾ

ਪੈਸਾ ਪੈਸਾ ਕਰਦੀ ਦੁਨੀਆਂ
ਪੈਸੇ ਪਿਛੇ ਝੱਲੀ ਐ
ਪੈਸਾ ਹੈ ਤਾਂ ਨਾਲ ਸਾਰੇ
ਬਿਨ ਪੈਸੇ ਤਾਂ ਕੱਲੀ ਐ

ਉਣਾ ਘੜਾ ਜਿਵੇਂ ਛਲਕਦਾ
ਪੈਸੇ ਨਾਲ ਪਾਸਾ ਪਲਟਦਾ
ਲੋਭ-ਮੋਹ-ਮਾਇਆ-ਹੰਕਾਰ
ਸਭ ਨਾਲ ਨੇ ਆਉਂਦੇ
ਪੈਸੇ-ਸੰਗ-ਸਾਰ

ਪੈਸਾ ਪੁੱਠੇ ਪੰਗੇ ਪਾਉਂਦਾ
ਨੰਗੀਆਂ ਇੱਜਤਾਂ ਕਰ ਨਚਾਉਂਦਾ
ਨੱਚਣ ਵਾਲੇ ਜਾਣਦੇ ਨੇ
ਪੈਸਾ ਕਿੰਝ ਕੀਮਤ ਦਿਖਾਉਂਦਾ

ਪੈਸੇ ਪਿਛੇ ਕੀਤੀ ਅਗਵਾਈ
ਫੋਟੋ ਆਪਣੀ ਵਿਚ ਲਗਵਾਈ
ਪੈਸਾ ਪਿਛੋਕੜ ਯਾਦ ਕਰਵਾਉਂਦਾ
ਕਿੰਝ ਪੈਸੇ ਖਾਤਰ ਇਜਤ ਗਵਾਉਂਦਾ

ਗਿੱਲਾ ਹੈਰਾਨ ਹੋਵੇਂਗਾ ਤੂ ਵੀ ਸੁਣ ਕੇ
ਜਿੱਥੇ ਸਾਰੇ ਸਿਰ ਢੱਕ ਕੇ ਆਉਂਦੇ
ਗੁਰੂ-ਘਰ ਗਾਂਧੀ ਨੰਗੇ ਸਿਰ ਆਉਂਦਾ।

*

ਸਤਿ ਸ੍ਰੀ ਅਕਾਲ

ਇਸ ਅੰਗਰੇਜੀ ਮੁਲਕ ਵਿਚ
ਜਦ ਕੋਈ ਸਤਿ ਸ੍ਰੀ ਅਕਾਲ ਬੁਲਾਉਂਦਾ ਏ
ਜੰਨਤ ਤੋਂ ਸੋਹਣਾ ਮੈਨੂੰ ਮੇਰਾ ਪਿੰਡ ਚੇਤੇ ਆਉਂਦਾ ਏ

ਦਿਨੇ ਰਾਤਾਂ ਕਰਦੇ ਆਂ, ਕਮਾਈਆਂ ਹੱਡ ਤੋੜ ਕੇ
ਲਾਰਾਂ ਲਾ ਕੇ ਸੌਣ ਦਾ, ਮੁੱਖ ਨੀਂਦਰਾਂ ਤੋਂ ਮੋੜ ਕੇ

ਚੰਗਾ ਕੀਤਾ ਕੰਮ ਦੇਖ ਜਦ ਬੌਸ ਸਿਰ ਤੋਂ ਹੱਥ ਹਿਲਾਉਂਦਾ ਏ
ਉਦੋਂ ਮੇਰੇ ਪਿੰਡ ਦਾ ਕੱਲਾ--ਕੱਲਾ ਬਜੁਰਗ ਚੇਤੇ ਆਉਂਦਾ ਏ

ਮੇਟ-ਮੇਟ ਕਰਦੇ ਆਂ ਹੁਣ ਇਥੇ ਯਾਰਾਂ ਨੂੰ
ਕਿੱਦਾਂ ਭੁਲਾ ਉਨ੍ਹਾਂ ਨਾਲ ਲੁੱਟੀਆਂ ਬਹਾਰਾਂ ਨੂੰ
ਪਾਰਕਾਂ 'ਚ ਸ਼ਾਮ ਨੂੰ ਬੱਚੇ ਖੇਲਦੇ ਦੇਖਾਂ ਮੈਂ
'ਪਰ ਸਾਡੇ ਵਾਂਗ ਨਾ ਮਿੱਟੀ ਚ ਮੇਲਦੇ ਦੇਖਾਂ ਮੈਂ'
ਮੰਮੀ ਆਪਣੀ ਨੂੰ ਕਹਿੰਦਾ ਲੈਣੇ ਲੈਟਾਂ ਵਾਲੇ ਬੂਟ
ਬੱਸ ਕੋਈ ਕਹਿੰਦਾ ਨਜ਼ਰੀ ਆਉਦੇ ਏ
ਉਦੋਂ ਮੈਨੂੰ ਆਪਣਾ ਬਚਪਨ ਚੇਤੇ ਆਉਂਦਾ ਏ।

ਜੋੜੀਆਂ ਨੂੰ ਦੇਖ ਦਿਲ ਰਹਿੰਦਾ ਮੇਰਾ ਹੌਂਕੇ ਭਰਦਾ
ਫਿਰ ਕੱਲਾ ਬਹਿ ਕੇ ਮੈਂ ਵੀ
ਫੋਟੋ ਤੇਰੀ ਨਾਲ ਗੱਲਾਂ ਕਰਦਾ
ਤੇਰੇ ਨਾਲ ਬਿਤਾਇਆ ਪਲ ਪਲ
ਗਿੱਲ ਰਹਿੰਦਾ ਚੇਤੇ ਕਰਦਾ. . .
ਬਦਲੂਗੇ ਦਿਨ ਮੇਰੇ ਵੀ

ਜਿੱਦਾਂ ਹਰ ਕਿਸੇ ਦੇ ਫਿਰ ਜਾਂਦੇ ਨੇ
ਤੇਰੀ ਹੱਸਦੀ ਹੋਈ ਤਸਵੀਰ ਤੇ ਮੇਰੇ ਹੰਝੂ ਕਿਰ ਜਾਂਦੇ ਨੇ।

*

ਸਾਵਧਾਨ ਤਕਦੀਰੇ

ਸਾਵਧਾਨ ਤਕਦੀਰੇ
ਤੇਰੇ ਮੁੱਕ ਚਲੇ ਨੇ ਹੀਰੇ
ਮੋਤੀਆਂ ਮੂੰਹ ਬੈਗਾਨੇ ਕਰ ਲਏ
ਹਾਰ ਦੇਣ ਗਲਾਂ ਨੂੰ ਚੀਰੇ

ਮੱਲੇ ਬੋਹੜ੍ਹਾਂ ਥੱਲੇ ਨਾਂ
ਪੀਂਘਾਂ ਸੋਹਦੀਆਂ
ਕਲੀਆਂ ਪਿਛੋਂ ਨਾਂ
ਭਿੰਡਰਾਂ ਗਾਉਂਦੀਆਂ

ਧੁਰ ਤੋਂ ਲਿਖ ਕੇ ਢਲਵਾਂ
ਨਾਂ ਬੜਾ ਕਮਾਇਆ ਕਲਮਾ
ਗਿੱਲਾ ਤੂੰ ਵੀ ਸੱਚ ਨੂੰ ਜਾਣੀ
ਆਖਾਂ ਕਿਵੇਂ ਬਣੂੰ ਕਹਾਣੀ

ਅਮਰ ਸਿਆਂ ਲਿਖਦੇ
ਜੋ ਵੀ ਲਿਖਣਾ
ਪਰ ਲਿਖ ਕੇ
ਸੱਚ ਸੁਣਾਵੀਂ।

ਜੋ ਅੱਜ ਗਲ ਨੂੰ ਪੈਂਦੀਆਂ ਬਾਹਵਾਂ
ਉਹਨਾਂ ਹੱਥੀਂ ਹਾਰ ਪੁਆਵੀਂ।

*

ਰਿਸ਼ਤਾ ਪਹਿਲਾ ਪਿਆਰ

ਉਹ ਪਹਿਲੇ ਪਿਆਰ ਦਾ ਰਿਸ਼ਤਾ ਬੜਾ ਅਜੀਬ ਜਿਹਾ ਸੀ
ਬਚਪਨ ਦੇ ਖਿਡੌਣੇ ਵਾਂਗ
ਦਿਲ ਦੇ ਕਰੀਬ ਜਿਹਾ ਸੀ
ਇੱਕਠੇ ਬਹਿ ਕੇ ਪੀਜਾ ਖਾ ਲਈਦਾ
ਚੇਤੇ ਹਜੇ ਵੀ ਚੂਰੀ ਏ
ਚਾਹੁੰਣ ਵਾਲੇ ਤਾਂ ਮਿਲ ਗਏ
ਚਾਹਤ ਅਜੇ ਵੀ ਅਧੂਰੀ ਏ।

ਜਿਹੜਾ ਰੁਮਾਲ ਖੁਸ਼ ਕਰਦੇ ਸੀ
ਉਹ ਆਈਫੋਨ ਤੋਂ ਨਹੀਂ ਹੋਣਾ. .
ਤਸਵੀਰ ਅੱਖਾਂ ਵਿਚ ਆਵੇ
ਪੈਂਦਾ ਦਿਲ ਨੂੰ ਹੈ ਰੋਣਾ

ਬੈਠਾ ਰਿਵਰ ਸਾਈਡ ਤੇ ਆਸਮਾਨ ਚ ਨਿਕਲੇ
ਤਾਰੇ ਗਿਣਦਾ ਰਿਹਾ. . . .
ਉਸ ਇਸ਼ਕ ਦੇ ਕੋਠੇ ਨੂੰ ਬਚਾਉਣ ਲਈ
ਮੈਂ ਕਿੰਨੇ ਲਾਏ ਸਹਾਰੇ ਗਿਣਦਾ ਰਿਹਾ.. .
ਉਹ ਕਿੰਨੇ ਉਚੇ ਹੋ ਗਏ ਤੂੰ ਲਾਏ ਇਸ਼ਕ ਦੇ ਲਾਰੇ. ..
ਇਸ ਪਾਣੀ ਤੇ ਤੇਰੇ ਪਿਆਰ ਦੀ ਮੈਂ ਡੂੰਘਾਈ ਮਿਣਦਾ ਰਿਹਾਂ

*

ਦਿਲ ਦੇ ਨੇੜੇ

ਸ਼ਾਮ ਦਾ ਸੀ ਵੇਲਾ
ਹੋਇਆ ਕੰਮ ਤੋਂ ਮੈਂ ਵਿਹਲਾ,
ਜਗਮਗਾਉਂਦੀਆਂ ਸੀ ਲਾਈਟਾਂ
ਦੇਖਾਂ ਪਰਥ ਦੀ ਸਿਟੀ ਤੋਂ
ਮੇਰੀ ਜਾਨ ਮੈਨੂੰ ਕੋਸੇ
ਗਰੀਬੀ ਹੱਥੋਂ ਵਿਕੀ ਤੋਂ।

ਡਾਲਰਾਂ ਨੇ ਭਾਵੇਂ ਦੂਰ ਕੀਤਾ
ਭੈੜੇ ਕੋਹੜ ਗਰੀਬੀ ਨੂੰ
ਭਾਪਾ ਪਿਛੋਂ ਤੁਰ ਗਿਆ
ਉਹ ਜਾਲ ਆਏ ਬੀਬੀ ਨੂੰ।

ਬਚਪਨ ਹਥੋਂ ਨਿਕਲ ਗਿਆ
ਜਵਾਨੀ ਇਥੇ ਖੋ ਗਈ. . .
ਮੇਰੀ ਜਾਨ ਪੰਜਾਬ ਵਿਚ
ਉਹ ਲਾਸ਼ ਇਥੇ ਦੀ ਹੋ ਗਈ।

ਪੈਸਾ ਹੱਥੋਂ ਤਿਲਕ ਜਾਂਣਾ
ਜਿਦਾਂ ਪੈਰ ਤਿਲਕੇ ਹਰਿਆਲੀ ਤੋਂ
ਅਮਰ ਦਿਲ ਕਿੱਦਾਂ ਲੱਗੇ
ਹੁਣ ਬਿਨਾ ਦਿਲ ਵਾਲੀ ਤੋਂ।

ਨਾ ਚਾਹਤ ਰਹੀ ਕੋਠੀਆਂ ਦੀ
ਨਾ ਸ਼ੋਂਕ ਰਿਹਾ ਕਾਰਾਂ ਦਾ

ਰੱਬਾ ਪਿੰਡ ਕਿਤੇ ਲੈ ਜਾ
ਮੈਨੂੰ ਚੇਤਾ ਆਉਂਦਾ ਯਾਰਾਂ ਦਾ।

*

ਖੁਬਸੂਰਤ ਨਜ਼ਾਰਾ (ਅਹਿਸਾਸ)

ਸਭ ਤੋਂ ਨਿਆਰਾ ਉਹ ਖੁਬਸੂਰਤ ਨਜ਼ਾਰਾ
ਜੇਠ ਦੀ ਦੁਪਹਿਰ ਵਰਗਾ ਹੁਸਨ
ਗੋਰਾ ਰੰਗ ਵਿਚ ਬੱਦਲਾਂ ਦੇ ਝਲਕਾਂ ਮਾਰ ਰਿਹਾ
ਜਿਵੇਂ ਜਿਵੇਂ ਮੈਂ ਤੱਕਦਾ ਰਿਹਾ
ਉਵੇਂ ਹੀ ਦਿਲ ਨੂੰ ਨਿਖਾਰ ਗਿਆ।

ਸਾਵੁਣ ਦੇ ਛਰਾਟੇ ਵਾਂਗ ਹੱਸਦੀ ਦੀ ਹਾਸਾ
ਲੈਹਦੇਂ ਸੂਰਜ ਦੀ ਲਾਲੀ ਵਰਗਾ ਮੁੱਖ ਸੀ
ਦੁੱਖ ਦੂਰ ਕੀਤੇ ਜੀਹਨੇ ਪਲਾਂ ਵਿਚ ਅਮਰ
ਉਹਦੀ ਮੁਸਕਾਨ ਵਿਚ ਲੱਖਾਂ ਹੀ ਦਿਸੇ ਮੈਨੂੰ ਸੁੱਖ ਸੀ।

ਸੰਗਤ ਵਿਚ ਹੁੰਦੀ ਕੀਤੀ ਮਨ ਦੀ ਇਕਾਂਤ ਜਿਹਾ ਸੀ
ਪਤਾ ਨਹੀਂ ਕਿਹੜੀ ਗੱਲੋਂ ਦਿਲ ਉਹਦਾ ਸ਼ਾਂਤ ਜਿਹਾ ਸੀ
ਅੱਖਾਂ ਵਿਚੋਂ ਹੀ ਉਹ ਉਠਦੇ ਸਵਾਲਾਂ ਦੇ ਅਰਥ ਦਸੱਦੀ ਰਹੀ
ਉਹਦੇ ਵੱਲ ਦੇਖ ਆਪਣੀ ਜਿੰਦਗੀ ਬੇਅਰਥ ਲਗਦੀ ਰਹੀ
ਧੁੰਧ ਪਿਛੋਂ ਸੂਰਜ ਦੀ ਕਿਰਨ ਵਾਂਗ
ਉਹ ਆਸ ਬਣਕੇ ਆ ਗਈ
ਪਲਾਂ ਵਿਚ ਗਿੱਲ ਉਹ ਸਵਰਗੀ ਨਜਾਰੇ ਦਾ
ਅਹਿਸਾਸ ਕਰਵਾ ਗਈ।

ਉਹਨੂੰ ਚਾਹਣ ਪਿਛੇ ਲੱਗੇ ਦਿਲ ਮੇਰਾ ਵਿਕਿਆ
ਤੜਫ ਜਿਹੀ ਲੱਗੀ ਰਹਿੰਦੀ
ਇਕ ਥਾਂ ਤੇ ਨਾ ਟਿਕਿਆ।
ਉਹਦੇ ਵਾਂਗੂੰ ਮੈਂ ਵੀ ਖੁਸ਼ ਰਹਿਣਾ ਸਿੱਖਦਾ ਹਾਂ

ਕਦੇ ਰਾਮ ਮੈਨੂੰ ਜਾਪੇ
ਕਦੇ ਖੁਦਾ ਮੈਨੂੰ ਲੱਗੇ
ਕੋਰੇ ਕਾਗਜ਼ ਦੀ ਹਿੱਕ ਉੱਤੇ
ਜੱਦ ਨਾਮ ਉਹਦਾ ਲਿਖਦਾ ਹਾਂ।

*

ਅੰਜਾਮ

ਹਾਰੀ ਇਸ਼ਕੇ ਦੀ ਬਾਜੀ
ਨੇਹਰ ਕੋਠੜੀ ਵਿਚ ਬੈਠਾ
ਰੌਸ਼ਨੀ ਚੰਨ ਦੇ ਜੇ ਚਾਹਵਾਂ
ਤੇਰਾ ਮੁੱਖ ਦੇਖ ਲੈਂਦਾ।

ਹੰਝੂ ਅੱਖੀਆਂ ਚ ਟਪਕੇ
ਅੱਗ ਕਾਲਜੇ ਵਿਚ ਲੱਗੀ
ਤੇਰੇ ਗਮਾਂ ਦਾ ਭੜਾਕਾ
ਰੱਖ ਛਾਤੀ ਉੱਤੇ ਹੱਥ
ਮੈਂ ਧੂਣੀ ਸੇਕ ਲੈਂਦਾ।

ਦਿਲ ਦੋ ਟੋਟੇ ਕੀਤਾ
ਰੋਗ ਇਸ਼ਕ ਦਾ ਲਵਾ ਲਿਆ
ਤੁਸੀਂ ਛੱਲੇ ਮੁੰਦੀਆਂ ਵਟਾਏ
ਅਸੀਂ ਅੰਗ ਹੀ ਗਵਾ ਲਿਆ।

ਹਾਸੇ ਚੋਰੀ ਸਾਡੇ ਕੀਤੇ
ਡਾਕਾ ਖੁਸ਼ੀਆਂ ਤੇ ਪਾ ਗਏ
ਕੀਤਾ ਸਾਨੂੰ ਬਰਬਾਦ
ਆਪ ਹੋ ਕੇ ਆਬਾਦ
ਦਗਾ ਸੱਜਣਾ ਕਮਾਇਆ ਗਿੱਲ
ਕੈਦ ਗਮਾ ਦੀ ਕਰਾ ਗਏ।

*

ਮਿਰਝਾ

ਸ਼ੇਰ ਬੇਗਾਨੇ ਜੰਗਲ ਵਿਚ ਸੌਂ ਗਿਆ ਸੀ
ਲੋੜ ਤੋਂ ਵੱਧ ਦੀ ਦਲੇਰੀ ਲੈ ਬੈਠੀ

ਵਗਦੀ ਹਵਾ ਚ ਚਿਰਾਗ ਸੀ ਜਗਾਉਣੇ
ਹੋਣੀ ਦੀ ਉਹ ਵਗਦੀ ਹਨੇਰੀ ਲੈ ਬੈਠੀ

ਸੋ ਜਾ ਉਏ ਮਿਰਝੇਆ ਤੂੰ ਥੱਕ ਗਿਆ ਲਗਦਾ
ਜਨਾਨੀ ਦੀ ਗਲਤ ਹੱਲਾਸ਼ੇਰੀ ਲੈ ਬੈਠੀ

ਤੀਰ ਟੁੱਟੇ ਦੇਖ ਉਹਨੂੰ ਚੇਤਾ ਆਇਆ ਵੀਰਾਂ ਦਾ
ਕਿਰਪਾਨਾਂ ਵਿਚ ਪੈ ਗਈ ਉਹ ਘੇਰੀ ਲੈ ਬੈਠੀ

ਤੁਰਦੀ ਜੇ ਹੌਲੀ ਤਾਂ ਸ਼ਾਇਦ ਪਹੁੰਚ ਜਾਂਦੀ ਦਾਨਾਵਾਦ
ਤੇਜ਼ ਬੜੀ ਘੋੜੀ
ਮਾਣ ਨਾਲ ਕਹਿੰਦਾ ਸੀ ਜੋ ਮੇਰੀ ਲੈ ਬੈਠੀ

ਵਾਹ ਤਾਂ ਜਾਨ ਤੱਕ ਦੀ ਵੀ ਲਾ ਦਿੱਤੀ ਸੀ
ਪਰ ਸਾਹਿਬਾਂ ਦੀ ਢਾਈ ਹੋਈ ਫੇਰੀ ਲੈ ਬੈਠੀ

ਕਹਿੰਦੇ ਬੜਾ ਫਰਕ ਹੁੰਦਾ ਅਣਖ ਤੇ ਡਰ ਦਾ
ਦੋਵਾਂ ਵਿਚ ਹੋ ਗਈ ਹੇਰਾਫੇਰੀ ਲੈ ਬੈਠੀ

*

ਕਾਮਾਗਾਟਾਮਾਰੂ

ਕਾਮਾਗਾਟਾਮਾਰੂ ਤੇ ਸੀ ਰਾਣੀ ਹੱਸਦੀ
ਸੁਣਿਆ ਲਾਹੌਰ ਵਿਚ ਬੰਦੇ ਵੱਸਦੇ
ਅਖ਼ਵਾਰ ਕੁਝ ਹੋਰ ਹੀ ਰਹੀ ਦੱਸਦੀ

ਅਖੌਤੀ ਜੇਹੇ ਲੋਕ ਨੇ ਬਈ
ਜਿਹੜੇ ਮੰਨਦੇ ਰਹੀਮ ਨੂੰ
ਸਹੀ ਆ ਕਿ
ਭੇਡ ਪਿਛੇ ਭੇਡ ਨੱਸਦੀ

ਗਰੀਬ ਬੰਦਾ ਕਿਸੇ ਦੀ ਨਾ
ਮਾੜੀ ਤੱਕਦਾ
ਖਜਾਨਚੀ ਦੇ ਘਰ ਰਹਿੰਦੀ
ਅੱਗ ਮੱਚਦੀ

ਗਿੱਲਾ ਮੋਰਚਾ ਜੇ ਲਾਇਆ
ਬੱਸ ਰਹੀਂ ਡੱਟ ਕੇ
ਡਿੱਗਿਆਂ ਦੇ ਉੱਤੇ
ਐਹ ਆਵਾਮ ਹੱਸਦੀ

*

ਪ੍ਰਦੇਸੀ ਦੀ ਮਾਂ

ਅੱਧੀ ਰਾਤੀ ਕੰਮ ਤੋਂ ਆਇਆ
ਘਰ ਵਿਚ ਘੁੱਪ ਹਨੇਰਾ ਸੀ
ਦੀਵਾ ਬਾਲ ਕੇ ਬੈਠੀ ਦਾ
ਮੈਨੂੰ ਆਇਆ ਚੇਤੇ ਮੁੱਖ ਤੇਰਾ ਸੀ
ਉਸ ਵੇਲੇ ਸੀ ਕੰਨ ਤਰਸ ਗਏ
ਤੇਰੀਆਂ ਮਿੱਠੀਆਂ ਗਾਲਾਂ ਨੂੰ
ਰੱਬ ਹੀ ਜਾਣੇ ਕਿੰਝ ਸੀ ਰੋਕਿਆ
ਤੈਨੂੰ ਮਿਲਣੇ ਦੀਆਂ ਕਾਹਲਾ ਨੂੰ

ਤੰਗੀਆਂ ਹੱਥੋਂ ਮਜ਼ਬੂਰ ਨੀ ਮਾਏ
ਬੈਠਾ ਤੈਥੋਂ ਦੂਰ ਨੀ ਮਾਏ
ਯਾਦ ਤੇਰੀ ਮੇਰਾ ਚਿੱਤ ਜਿਹਾ ਭਰਿਆ
ਰੋਟੀ ਟੁੱਕ ਨੂੰ ਦਿਲ ਨਾ ਕਰਿਆ
ਅੱਖੀਆਂ ਵਿਚਲਾ ਖਾਰਾ ਪਾਣੀ
ਉਹਨੂੰ ਦੱਸਦਾ ਰਿਹਾ ਕਹਾਣੀ
ਰੱਬ ਨਾਲ ਗੱਲਾਂ ਕਰਦਾ ਕਰਦਾ
ਤੇਰਾ ਲਾਲ ਭੁੱਖਾ ਹੀ ਸੋਂ ਗਿਆ ਨੀ
ਮੁੱਕਦੀ ਗੱਲ ਤਾਂ ਐਥੇ ਮਾਏ
ਤੇਰਾ ਪੁੱਤ ਪ੍ਰਦੇਸੀ ਹੋ ਗਿਆ ਨੀ।

*

ਡਰ ਹੈ ਚਾਹਤ ਸੇ

ਯੇਹ ਸ਼ਬਨਮ ਹੈ ਤੇਰੀ ਆਖੋਂ ਕਾ
ਤੇਰੇ ਬਦਨ ਕਾ ਸ਼ੋਲਾ ਹੈ
ਕੋਈ ਚਮਨ ਹੈ ਤੇਰੀ ਮਹਿਕ ਕਾ
ਤੇਰੇ ਭੀਤਰ ਕੋਇਲਾ ਹੈ,

ਵਿਗੜੇ ਹੈ ਇਰਾਦੇ
ਖੁਬਸੂਰਤੀ ਕਾ ਇਨਕਲਾਬ
ਹੀ ਇਤਨਾ ਹੈ
ਸਰਦੀ ਮੇਂ ਵੀ ਜਲਨੇ ਲਗੇ ਹੈ
ਹੁਸਨ ਕਾ ਤਾਪ ਹੀ ਇਤਨਾ ਹੈ

ਮਹਿਕਾਨਾ ਭੂਲ ਗਏ ਹੈ ਹਮ
ਜਬਸੇ ਆਪ ਮਿਲੇ ਹੈ
ਮਦਹੋਸ਼ੀ ਝੂਲ ਰਹੇ ਹੈ ਹਮ
ਜਬਸੇ ਆਪ ਮਿਲੇ ਹੈ

ਆਪ ਪਿਲਾਤੇ ਰਹੇ ਤੋ
ਹਮ ਪੀਤੇ ਰਹੇਂਗੇ
ਨਾ ਜਾਨੇ ਕੌਨਸਾ ਹੋ ਆਖਰੀ ਜਾਮ ਸੇ ਡਰਤੇ ਹੈ
ਲਿਖਾ ਤੋ ਹੈ ਲੇਕਿਨ ਦੇ ਨਹੀਂ ਪਾਏਂਗੇ
ਪੈਗਾਮ ਸੇ ਡਰਤੇ ਹੈ
ਕਮਵਖਤ ਮੁਹੱਬਤ ਦਗਾ ਦੇਗੀ
ਅੰਜਾਮ ਸੇ ਡਰਤੇ ਹੈ।

*

ਹਿੰਦੀ ਪਾਕਿ ਲਫ਼ਜ

ਏਕ ਜ਼ਮਾਨਾ ਥਾ
ਵੋਹ ਪਾਕਿ ਮੁਹੱਬਤ ਦਾ ਮਹਿਕਾਨਾ ਥਾ
ਲੈਲਾ ਕੇ ਦਿਲ ਮੇ ਸਿਰਫ਼ ਮਜਨੂੰ ਕੀ ਸੂਰਤ ਹੋਤੀ ਥੀ
ਸੋਹਣੀ ਕੋ ਸਿਰਫ ਮਹੀਵਾਲ ਸੇ ਮਿਲਨੇ ਕੀ ਤੜਫ ਹੋਤੀ ਥੀ।

ਐਸਾ ਹੀ ਕੁਛ ਮੈਨੇ ਵੀ ਮਹਿਬੂਬ ਬਨਾਇਆ ਥਾ
ਉਸਕੀ ਹਰ ਫਰਮਾਇਸ਼ ਕੋ ਪਲਕੋ ਪੇ ਬਿਠਾਇਆ ਥਾ
ਹਮਨੇ ਜਿਸੇ ਪਾਕਿ ਮੁਹੱਬਤ ਕਾ ਨਾਮ ਲਿਆ
ਭਰੀ ਮਹਿਫ਼ਲ ਮੇਂ ਐ ਸਨਮ ਕਿਉਂ ਬਦਨਾਮ ਕਿਆ?

ਰੁੱਖ ਲਗਾਇਆ ਹਮਨੇ ਥਾ
ਫਿਰ ਕਿਉਂ ਵਪਾਰੀਉਂ ਕੋ ਹੀ ਫਲ ਦੀਏ
ਦਿਲ ਕੇ ਛੋਟੇ ਆਂਗਨ ਮੇਂ ਉਸਕਾ
ਵੈਲਕਮ ਕਰਨੇ ਵਾਲੇ ਥੇ
ਔਰ ਵੋ ਅਲਵਿਦਾ ਕਹਿ ਕਰ ਚਲ ਦੀਏ

ਹਸੀਨ ਮੁਹੱਬਤ ਕੀ ਹਸੀਨ ਕਹਾਨੀ ਕੋ
ਹਸੀਨ ਕੁਛ ਲਫਜ਼ ਬਿਆਨ ਕੀਏ
ਕਮਬਖਤ ਜਮਾਨੇ ਕੇ ਲੋਕ
ਸਹਾਰਾ ਦੇਨੇ ਕੀ ਬਜਾਏ
ਵਾਹ-ਵਾਹ ਕਰ ਕਰਕੇ ਚਲ ਦੀਏ।

*

ਭਾਗ ਦੂਜਾ

ਵਿਚ ਪਟਨੇ ਦੇ ਪ੍ਰਕਾਸ਼ ਹੋਇਆ
ਚਾਦਰ ਹਿੰਦ ਦੀ ਘਰੇ ਸੀ
ਲਾਲ ਜਨਮਿਆਂ
ਗੋਬਿੰਦ ਰਾਏ ਸੀ ਜਾਣਿਆ ਨਾਮ ਤੋਂ
ਖੁਸ਼ੀ ਮਾਂ ਗੁਜਰੀ ਕੀਤੀ ਸਾਂਝੀ ਹੋਣੀ
ਚੱਲ ਬਾਪ ਆਇਆ ਸੀ ਆਸਾਮ ਤੋਂ

ਢਲਣਾ ਮੋਮ ਲਈ
ਮਰਨਾ ਕੌਮ ਲਈ
ਕਿਉਂ ਜਰੂਰੀ ਹੁੰਦੈ
ਗਿੱਲਾ ਦੱਸ ਗਿਆ
ਜਾ ਕੇ ਮੈਦਾਨ ਅੰਦਰ

ਕਾਇਨਾਤ ਵੀ ਕੰਬੀ
ਉਸਦੇ ਫੈਸਲੇ ਤੋਂ
ਕੋਈ ਸੱਚੀ ਰੱਬ ਬਣ ਆਇਆ ਸੀ

ਇਸ ਜਹਾਨ ਅੰਦਰ

*

ਕਿਹੜਾ ਜਾਣੇ ਅਖਾਂ ਤੇਰਿਆਂ ਰੰਗਾਂ ਨੂੰ

ਰੰਗ ਬਸੰਤੀ ਦਰਸਾਏ ਕੁਰਬਾਨੀਆਂ
ਜਿਹਨੂੰ ਔਕਾਤ ਦਿੱਤੀ
ਦਿੱਤਾ ਕਿਉਂ ਨਹੀਂ ਮਾਣ ਸਤਿਕਾਰ ਉਹਨੂੰ

ਝੋਲੀ ਟੰਗਕੇ ਵਾਹਵਦਾ ਡਿਊੜੀਆਂ ਨੂੰ
ਦਿੱਤਾ ਕਿਉਂ ਨਹੀਂ ਨਿਰਬਸ ਅਵਤਾਰ ਉਹਨੂੰ?

ਭੋਗ ਚੁਰੱਸਤਾ ਉਮਰ ਦਾ
ਬਣਾਇਆ ਚੁਬਾਰਾ ਕੋਨੇ ਤੇ
ਦਿੱਤਾ ਕਿਉਂ ਲਾਲਸਾ ਦਾ ਵਿਚਾਰ ਉਹਨੂੰ?

ਤੁਰ ਜਾਣਾ ਤੂੰ ਵੀ ਗਿੱਲਾ
ਭੋਗ ਸਾਹਾਂ ਦੀ ਜੂਨ
ਉਹਦਾ ਕੀਤਾ ਕੌਣ ਜਾਣੇ
ਫੁੱਲ ਵਾਂਗੂ ਹੈ ਰਹਿਬਰ
ਰੱਬ ਵੀ ਯਾਰ ਤੇਰਾ
ਸੀ ਕੀੜੇ ਤੋਂ ਪਾਲ ਬਣਾਇਆ ਤਿਤਲੀ

ਕੀ ਔਕਾਤ ਤੇਰੀ
ਤੂੰ ਦੇਵੇ ਲਲਕਾਰ ਉਹਨੂੰ?

*

ਵੋਹ ਤੋ ਥੇ ਏਕ ਕਲਾਮ

ਜਿਸੇ ਮਨ ਹੀ ਮਨ
ਗੁਨਗੁਨਾਤੇ ਰਹੇ
ਕਵਿਤਾ ਥਾ ਉਨਕਾ ਪ੍ਰੇਮ
ਹਮ ਹੀ ਪੜ ਕਰ
ਹਮੀ ਸੇ ਸੁਨਾਤੇ ਰਹੇ,

ਮੁਹੱਬਤ ਕਾ ਮੁਕਾਮ
ਕੁਛ ਐਸਾ ਥਾ ਸਨਮ
ਵਫਾ ਪਰ ਵੀ ਫਿਦਾ ਨਾ ਹੂਏ
ਔਰ ਕੋਈ ਧੋਖਾ ਵੀ ਨਾ ਦੀਆ

ਰੁਕਸਤ ਹੂਏ ਵੋਹ ਕੁਛ
ਇਸ ਤਰ੍ਹਾਂ ਜਿੰਦਗੀ ਸੇ
ਕਿ
ਰੂਠਨੇ ਕਾ ਵੀ ਮੌਕਾ ਨਾ ਦੀਆ

*

ਡਰਦਾ ਨਹੀਓ ਟੋਕੀਓ ਚੀਨ ਦੀਆਂ ਦੀਵਾਰਾਂ ਤੋਂ

ਅਫਗਾਨਿਸਤਾਨ 'ਚ ਪਿਆ ਵਿਛੋੜਾ
ਬੱਚਿਆਂ ਦਾ ਪਰਿਵਾਰਾਂ ਤੋਂ.. .
ਅਮਰੀਕਾ ਵਾਲੇ ਖੁਸ਼ ਓਬਾਮਾ ਜੀ
ਸਮੇਂ ਦੀਆਂ ਸਰਕਾਰਾਂ ਤੋਂ।

ਆਸਟਰੇਲੀਆ ਵੀ ਤੁਰਦਾ ਕਾਮਯਾਬੀ ਦੀ ਲਕੀਰ ਤੇ
ਮਾਈਨਾ ਵਾਲੇ ਕੰਮ ਨੇ ਕਈ ਕਰਤੇ ਅਮੀਰ ਨੇ।

ਪਾਕਿਸਤਾਨ ਦੀ ਧਰਤੀ ਪਾਕਿ ਬੜੀ
ਜਿੰਨੇ ਪੰਗੇ ਪੈਦੇ ਮਾੜੇ ਲੋਕਾਂ ਦਾ ਕਸੂਰ ਏ
ਟਰੱਕਾਂ ਵਾਲੇ ਕੰਮਾਂ ਲਈ ਕਨੇਡਾ ਬਹੁਤ ਮਸ਼ਹੂਰ ਏ

ਹੋਰ ਦੇਸ਼ ਬੜੇ ਜਲਵੇ ਦਿਖਾਈ ਜਾਂਦੇ ਨੇ
ਦਿਨੋ ਦਿਨ ਆਪਣੀ ਤਰੱਕੀ ਪਾਈ ਜਾਂਦੇ ਨੇ
ਕੱਠੇ ਹੋ ਕੇ ਲੜਦੇ ਨਾਲ ਕੁਦਰਤ ਦੀਆਂ ਮਾਰਾਂ ਤੇ
ਪੰਜਾਬ ਰੋਲਤਾ ਮੇਰਾ ਸਿਆਸਤੀ ਸਰਕਾਰਾਂ ਨੇ।

*

ਬਾਬਾ ਨਾਨਕ ਤੇ ਭਾਈ ਮਰਦਾਨਾ

ਉਹ ਵਜਾਉਂਦਾ ਸੀ ਰਬਾਬ
ਨਾਲੇ ਨੀਹਾਲ ਕਰਦਾ.....
ਮੁੱਲ ਪਾਉਂਦਾ ਸੀ ਬਾਬੇ ਦੀਆਂ ਉਦਾਸੀਆਂ ਦਾ

ਵੱਡੇ ਭਰਾ ਦਾ ਜਿਸਨੂੰ ਦਿੱਤਾ ਸੀ ਦਰਜਾ
ਭਾਈ ਮਰਦਾਨਾ ਸੀ ਪੁੱਤ ਮਰਾਸੀਆਂ ਦਾ

ਜੀਹਨੇ ਜਾਤ ਪਾਤ ਦੀ ਜੜ੍ਹ ਵੱਢੀ
ਉਹੋ ਜਿਹਾ ਜੱਗ ਨਹੀਂ ਸਹਾਰ ਸਕਦਾ
ਐਸਾ ਸੱਚ ਨੂੰ ਚੜਾਇਆ ਚੱਕ ਸੂਲੀ ਤੇ
ਝੂਠ ਮਰ ਕੇ ਵੀ ਕਦੇ ਨੀ ਉਤਾਰ ਸਕਦਾ।

ਕੋਸ਼ਿਸ਼ ਕਰਾਂਗਾਂ ਮੈਂ ਤੇਰੇ ਰਾਹ ਤੇ ਹੀ ਚੱਲਾਂ..
ਤੇਰੀ ਸਿੱਖੀ ਨੂੰ ਸਿੱਖਦਾ ਹਾਂ ਪਿਆਰ ਕਰਦਾ..
ਕੁਝ ਇਹੋ ਜਿਹੀ ਦਾਸ ਨੂੰ ਦਾਤ ਬਖਸੀ
ਰਹਾਂ ਸੱਚ ਦਾ ਹੀ ਸਦਾ ਪਰਚਾਰ ਕਰਦਾ
ਲੋੜ ਪਵੇ ਤੇ ਹੌਂਸਲਾ ਦੇਈਂ
ਜਾਨ ਕੌਮ ਲਈ ਵਾਰਾਂ ਮੈਂ ਹੱਸਕੇ
ਜਾਵਾਂ ਦੁਨੀਆਂ ਤੋਂ ਕੁਝ ਇਹੋ ਜਿਹਾ ਕੰਮਕਾਰ ਕਰਦਾ।

*

ਵਾਹਿਗੁਰੂ

ਕਦੇ ਹਿਜਰਾਂ ਦੀ ਠੰਢ ਲੱਗੇ
ਕਦੇ ਗਮਾ ਵਿਚ ਸੜਦੀ
ਕਲਾ ਕਲਾ ਜਾਪਦਾ
ਯਾਦਾਂ ਵਾਲਾ ਕਾਫਲਾ
ਧੋਲੇ ਧੱਕੇ ਖਾਂਦੀ ਜਿੰਦ
ਤੈਨੂੰ ਮਿਲਣੇ ਨੂੰ ਕਰਦੀ,

ਖੂਹ ਵਾਲਾ ਕਮਰਾ
ਖੇਤ ਸਾਰੇ ਸੁੱਕੇ ਪਏ
ਮੇਰੇ ਵਾਂਗੂ ਜਿਹੜੀ ਬਿਨਾਂ ਹੰਝੂਆਂ ਦੇ ਰੋਵੇ
ਸੁੱਕ ਚੁੱਕੀ ਕੱਲੀ ਕੱਲੀ ਟਿੰਡ ਦੇਖ ਲੈਂਦਾ ਹਾਂ
ਜਦੋਂ ਯਾਦ ਵਤਨ ਦੀ ਆਉਂਦੀ ਏ
ਗੂਗਲ ਦੇ ਨਕਸ਼ੇ ਤੋਂ
ਬਾਪੂ ਤੇਰਾ ਪਿੰਡ ਦੇਖ ਲੈਂਦਾ ਹਾਂ।

*

ਪਰਦੇਸ

ਮੈਨੂੰ ਨਹੀਂ ਸੀ ਲਾਲਚ ਡਾਲਰ ਕਮਾਉਣ ਦਾ
ਜਿੰਦਗੀ ਨੂੰ ਇਕਲੇਪਣ ਦੇ ਜਾਲ 'ਚ ਫਸਾਉਣ ਦਾ
ਪਿੰਡ 'ਚ ਜਿੰਦਗੀ ਬਤੀਤ ਜੇ ਗਿੱਲ ਕਰਦਾ
ਚੰਗਾ ਹੁੰਦਾ ਜਿੱਥੇ ਜੰਮਿਆਂ..
ਉਥੇ ਹੀ ਮੈਂ ਮਰਦਾ

ਲੋਕੀਂ ਦਿੰਦੇ ਨੇ ਵਧਾਈਆਂ, ਆਣ ਮੇਰੇ ਪਰਿਵਾਰ ਨੂੰ..
ਮੁੰਡਾ ਤੁਹਾਡਾ ਗਿਆ ਹੋਇਆ ਕਹਿੰਦੇ ਨੇ ਬਾਹਰ ਨੂੰ
ਪਰ ਉਹਨਾਂ ਨੂੰ ਨੀ ਪਤਾ ਅਸਲ ਮੂਲ ਇਸ ਕਹਾਣੀ ਦਾ
ਮੈਂ ਕੈਦੀ ਬਣ ਗਿਆ ਹਾਂ, ਇਸ ਕਾਲੇਪਾਣੀ ਦਾ

ਮਾਵਾਂ ਨਾਲ ਪੁੱਤਾਂ ਦੀ
ਜੋ ਪਈ ਹੋਣੀ ਦੂਰੀ ਏ
ਮੇਰੀ ਕੱਲੇ ਦੀ ਨੀ ਯਾਰੋ
ਹੋਰ ਬਹੁਤਿਆਂ ਦੀ ਵੀ ਮਜ਼ਬੂਰੀ ਏ
ਕੀ ਸ਼ਿਕਵਾ ਕਰਨਾ ਅਮਰ ਇਸ ਜਿੰਦਗੀ ਤੋਂ
ਭਾਣਾ ਮੰਨ ਕੇ ਚੱਲਿਆ ਕਰ
ਇਹ ਤੇਰੀ ਜਿੰਦਗੀ ਦੀ ਦਸਤੂਰੀ ਏ।

*

ਪੜ ਕੇ ਪਹਾੜਾ ਜਿੰਦਗੀ ਦਾ

ਚਲੋ ਜਮਾ ਘਟਾ ਜਿਹਾ ਆ ਜਾਂਦਾ
ਜਦੋਂ ਗੁਣਾ ਦੁੱਖਾਂ ਦੀ ਹੁੰਦੀ ਏ
ਕੋਈ ਤਕਸੀਮ ਕਰਨੀ ਵੀ ਸਿਖਾ ਜਾਂਦਾ

ਮੈਂ ਚੰਦਨ ਦੀ ਉਸ ਸ਼ਾਖ ਵਾਂਗਰਾ
ਬਲ ਕੇ ਮਹਿਕਣਾਂ ਸਿੱਖਦਾ ਹਾਂ
ਉਹਨਾਂ ਲਈ ਲਿਖਣਾ ਬਣਦਾ ਏ
ਕੁਝ ਲਫ਼ਜ
ਉਹਨ੍ਹਾਂ ਲਈ ਲਿਖਦਾ ਹਾਂ

ਜੋ ਲੋਕ ਹੱਕ ਦੀ ਖਾਂਦੇ ਨੇ
ਮੈਂ ਉਨ੍ਹਾਂ ਤੋਂ ਜਿਉਣਾ ਸਿੱਖਦਾ ਹਾਂ।

*

ਬੀਬੀਸੀ ਤੇ ਇੰਟਰਵਿਊ ਆਉਂਦੀ

ਤੈਥੋਂ ਅੱਜ ਵੀ ਗੋਰੇ ਡਰਦੇ
ਤੇਰੀ ਸੱਥ 'ਚ ਬਹਿ ਜਾਂਦੇ ਜਿਹੜੇ
ਉਹ ਨਸ਼ਾ ਦੇਸ ਪਿਆਰ ਦਾ ਕਰਦੇ

ਤੇਰੇ ਹੁੰਦਿਆਂ ਪੰਜਾਬ ਰਾਜਾ ਹੁੰਦਾ
ਕਾਲੇ ਰਿਸ਼ਵਤ ਲੈਣੋ ਡਰਦੇ
ਤੇਰੀ ਸਭਾ ਦਾ ਚਾਅ ਹੁੰਦਾ
ਝੂਠੇ ਬਾਬਿਆਂ ਦਰ ਨਾ ਵੜਦੇ

ਉਂਝ ਤਾਂ ਹੈ ਅਸਰ ਅਜੇ ਵੀ
ਤੇਰੇ ਅਜਬ ਜਿਹੇ ਉਸ ਜਜਬੇ ਦਾ
ਗਿੱਲਾ ਅਰਬਾਂ ਦੀ ਆਬਾਦੀ ਵਿਚੋਂ
ਕੋਈ ਇਕ ਵੀ ਉਧਾਰ ਚੁਕਾ ਨਹੀਂ ਸਕਦਾ
ਸਰਦਾਰ ਭਗਤ ਸਿੰਘ ਦੇ ਕਰਜੇ ਦਾ।

*

ਸੂਟ ਬੂਟ ਤੇ ਟਾਈ

ਕਾਹਲੀ-ਕਾਹਲੀ ਗਲ 'ਚ ਫਸਾਈ
ਆਖੇ ਬਿਜਨਸ ਮੇਰਾ ਵਧਦਾ ਜਾਂਦਾ
ਚੱਕਰ ਦੇਸਾਂ ਦੇ ਕੱਢਦਾ ਜਾਂਦਾ
ਫਰਿੱਜ 'ਚ ਸਬਜੀਆਂ
ਤੇ ਘਰ 'ਚ ਆਟਾ
ਟਿੱਡੀਆਂ ਜੋਗਾ ਰਹਿ ਜਾਂਦਾ
ਕੋਕ ਦੀ ਬੋਤਲ ਤੇ ਬਰਗਰ ਲੈ ਕੇ
ਫਿਰ ਕੰਮ ਦੀ ਲੈਅ 'ਚ ਪੈ ਜਾਂਦਾ
ਕਿੰਨਾ ਪਿਆਰਾ ਸ਼ਬਦ ਹੈ 'ਰਿਸ਼ਤਾ'
ਗਿੱਲਾ ਪੈਸੇ ਥੱਲੇ ਰੁਲ ਜਾਂਦਾ
ਮਕਾਨ ਬਣਾਉਂਦਾ ਬਣਾਉਂਦਾ ਬੰਦਾ
ਘਰ ਬਣਾਉਣਾ ਭੁੱਲ ਜਾਂਦਾ।

*

ਸੁਪਨਾ ਜਦ ਵੀ ਲੈਂਦਾ ਹਾਂ

ਤੂੰ ਕੋਲ ਹੀ ਹੋਵੇ
ਇਹ ਕਹਿੰਦਾ ਹਾਂ
ਬਚਪਨ ਵਾਲੇ ਦਿਨ ਚੇਤੇ ਕਰਕੇ
ਅੱਖੀਂ ਅਥਰੂ ਵਗਦਾ ਰਹਿੰਦਾ ਏ

ਸਟੀਲ ਦੇ ਗਲਾਸ ਵਿਚ
ਚਾਹ ਲੈਕੇ ਆਵੇਗੀ
ਮੇਰੀ ਮਾਂ ਮੈਨੂੰ
ਸੁੱਤੇ ਨੂੰ ਜਗਾਵੇਗੀ
ਗਾਲਾਂ ਗਾਲਾਂ ਵਿਚ ਹੀ
ਲਾਡ ਲਡਾਵੇਗੀ

ਅੱਜ ਵੀ ਇੰਝ ਲੱਗਦਾ ਰਹਿੰਦਾ ਏ।

*

ਜ਼ਬਲੀ

ਅੰਨ੍ਹ ਖੂਹਾਂ ਤੋਂ ਡੋਲੂ ਭਰ ਕੇ
ਰੇਤ ਦੀ ਪਿਆਸ ਮਿਟਾ ਰਿਹਾਂ

ਅੱਖਰਾਂ ਦੀ ਘੰਟੀ ਖੜਕਾ ਕੇ
ਬੋਲੇ ਪਹਾੜਾਂ ਨੂੰ ਸੁਣਾ ਰਿਹਾ

ਨਜ਼ਰਾਂ ਬੰਦ ਕਰਕੇ
ਨਜਾਰਾ ਕੁਦਰਤ ਨੂੰ ਦਿਖਾ ਰਿਹਾਂ

ਲਾਜ਼ਮੀ ਨਹੀਂ ਕਿ
ਜੋ ਮੈਂ ਕਹਿਣਾ ਚਾਹੁੰਦਾ
ਹਰ ਪਾਠਕ ਸਮਝ ਸਕੇ

ਬੱਸ ਉਹਨਾ ਵੱਲੋਂ ਦਿੱਤੇ ਭਾਸ਼ਣ ਵਾਂਗੂ
ਮੈਂ ਵੀ ਰਾਜਨੀਤੀ ਉਲਝਾ ਰਿਹਾਂ।

*

ਸਰਦਾਰ ਹੋ ਜਾਣਾ ਏ

ਗੱਲ ਸੁਣਾਉਣ ਜਾ ਰਿਹੈ
ਸ਼ਾਇਦ ਸੋਚਾਂ ਵਿਚ ਪਾ ਜਾਉਗੀ
ਮਾਇਆ ਪਿਛੇ ਭਜਣਾ ਛੱਡਦੇ
ਅਕਲ ਆਪੇ ਆ ਜਾਉਗੀ
ਧੱਕੇ ਧੌਲੇ ਐਵੇ ਖਾਈਂ ਜਾਂਦਾ
ਗੁਰੂ ਘਰ ਜਾਇਆ ਕਰ
5 ਸਟਾਰ ਭੁੱਲ ਜਾਣੇ
ਬਹਿ ਕੇ ਪ੍ਰੀਤ ਨਾਲ
ਲੰਗਰ ਛੱਕ ਕੇ ਆਇਆ ਕਰ
ਪੜ ਕੇ ਭਗਤਾਂ ਦੀ ਬਾਣੀ
ਪੱਗ 'ਚ ਲਪੇਟ ਲੈ
ਜਿੰਨੇ ਦੁੱਖ ਹੋਣਗੇ
ਸਭੇ ਖੋਹ ਲੈਣੇ ਉਹਨੇ
ਜਿੰਨੇ ਸੁੱਖ ਦੇਦੜੇਂ
ਝੋਲੀ ਚ ਸਮੇਟ ਲੈ

ਹੌਲੀ ਹੌਲੀ ਰਿਸ਼ਤਾ ਤੇਰਾ
ਪੱਕਾ ਨਾਲ ਕਰਤਾਰ ਹੋ ਜਾਣਾ ਏ
ਫਤਿਹ ਬੁਲਾਉਣ ਲੱਗ ਪਊਗਾ ਜਹਾਨ
ਤੂੰ ਆਪੇ ਕੱਖੋਂ ਲੱਖ ਹੋ ਕੇ
ਸਰਦਾਰ ਹੋ ਜਾਣਾ ਏ।

*

ਕੁਛ ਲੋਗ ਜਿੰਦਗੀ ਮੇਂ ਆਤੇ ਹੈਂ

ਜਿੰਦਗੀ ਕੋ ਜੀਅ ਲੇਤੇ ਹੈ
ਔਰ ਚਲੇ ਜਾਤੇ ਹੈ।

ਕਮ ਹੋਤੇ ਹੈਂ ਵੋਹ ਲੋਗ
ਜੋ ਹਰ ਨਏ ਦਿਨ
ਨਈ ਜਿੰਦਗੀ
ਨਈ ਸ਼ੁਰੂਆਤ ਸੇ ਕਰਤੇ ਹੈ
ਵੋਹ ਲੋਗ ਹੀ ਜਿੰਦਗੀ ਕੋ
ਜਿੰਦਗੀ ਸੇ ਰੂਬਰੂ ਕਰਤੇ ਹੈ
ਕੰਮ ਹੋਤੇ ਹੈ ਚਾਹਨੇ ਵਾਲੇ
ਚਾਹਤੋਂ ਕੋਂ
ਕਾਫਲਾ ਲੰਬਾ ਹੋ ਜਾਤਾ ਹੈ
ਉਨਕੇ ਜਨਾਜੇ ਕਾ
ਜਬ ਵੋਹ ਮਰਤੇ ਹੈ।

*

ਵਾਹ ਚੱਲਦੀ ਸੀ ਸ਼ਰੀਕਾਂ ਦੀ

ਪੱਲੇ ਚਾਰ ਢੱਗੇ
ਦੋ ਖਾਨੇ ਦਾ ਕੋਠਾ
ਨਾਲ ਤੂੜੀ ਆਲਾ ਕੁੱਪ ਸੀ

ਤੂੰ ਉਡੀਕ ਕੀਤੀ ਤਰੀਕਾਂ ਦੀ
ਦੋ ਆ ਗਏ ਬਲਦ ਨੇ ਬੱਗੇ
ਤੇਰੇ ਜਿਗਰੇ ਜਿੱਡੀ ਹਵੇਲੀ
ਲੈ ਚਾਅ ਪੁਗਾ ਤੇ ਬਾਪੂ
ਤੇਰੇ ਜੱਟ ਪੁਣੇ ਦੇ
ਬੱਸ ਇਹੋ ਗੱਲ ਚੰਗੀ ਆ
ਚੰਦਰੀ ਵਲੈਤ ਦੀ

ਸੁਪਨੇ ਸੱਚ ਕਰਾ ਤੇ
ਜੋ ਸਾਲਾਂ ਬੱਧੀ ਬੁਣੇ ਨੇ।

*

ਕਦੇ-ਕਦੇ ਹੀ ਤੇਰੀ ਯਾਦ ਹੁਣ ਆਵੇ

ਉਸ ਵੇਲੇ ਹੀ ਲਿੱਖ ਦਿੰਦਾ ਹਾਂ
ਉਸ ਆਮਦ ਉਤੇ ਗਾਣਾ,
ਆਪਣੀ ਮੰਨ ਦੀ ਖੁਸ਼ੀ ਲਈ ਹਾਂ ਲਿੱਖਦਾ
ਮੇਰਾ ਪਿਆਰ ਜਿੱਦਾਂ ਤੂੰ ਸੀ ਵੇਚੇਆ
ਲੈ ਵਿੱਕ ਜਾਣਾ ਇਹ ਵੀ ਗਾਣਾ।

ਕੀ ਹੋਇਆ ਜੇ ਛੱਡ ਕੇ ਤੁਰ ਗਈ
ਕਿਸੇ ਦੀ ਵੋਹਟੀ ਬਣ ਗਈ ਏ
ਤੇਰੇ ਨਾਲੋਂ ਤੇਰੀ ਯਾਦ ਹੈ ਚੰਗੀ
ਜੋ ਗਿੱਲ ਦੀ
ਰੋਜੀ-ਰੋਟੀ ਬਣ ਗਈ ਏ।

*

ਸੁਪਨੇ ਜਿਹਨਾਂ ਦੇ

ਦੁਨੀਆਦਾਰੀ ਤੋਂ ਬਹੁਤ ਪਰ੍ਹਾਂ ਨੇ,
ਇਹ ਛੋਟੇ ਬੱਚੇ
ਖਿੜਦੇ ਗੁਲਾਬ ਦੀ ਤਰ੍ਹਾਂ ਨੇ,
ਪਾਣੀ ਦਿੰਦੇ ਰਹੋ ਤਾਂ
ਮਹਿਕਾਂ ਵੰਡਣਗੇ।
ਦੁਆ ਇਹਨਾਂ ਲਈ ਕਰਦੇ ਰਹੋ

ਚੱਲਣਾ ਤਾਂ ਖੁਦ ਦੇ ਕਦਮਾਂ ਨਾਲ ਹੁੰਦੈ
ਸਹਾਰਾ ਬਾਪ ਦੀ ਉਂਗਲ ਦਾ ਕਾਫੀ ਹੁੰਦਾ ਏ
ਚੰਗੇ ਕੰਮਾਂ ਵਿੱਚ ਹੱਲਾਸ਼ੇਰੀ ਦਿਆ ਕਰੋ
ਇਸ਼ਾਰਾ ਹੌਂਸਲੇ ਦਾ
ਜਿੰਦਗੀ ਦੀ ਜੰਗ
ਜਿੱਤਣ ਲਈ ਕਾਫੀ ਹੁੰਦਾ ਏ।

*

ਕਦੇ ਚੁੱਕ ਤਲਵਾਰਾਂ ਆ ਜਾਂਦੇ

ਬੇ-ਬੁਨਿਆਦ ਧਾਰਾ ਲਾ ਜਾਂਦੇ
ਆਪ ਬਗਾਵਤ ਨੂੰ ਬੁਲਾਵਾ ਦੇਂਦੇ ਨੇ
ਫਿਰ ਪ੍ਰਮਾਣੂ ਦਾ ਡਰਾਵਾ ਦੇਂਦੇ ਨੇ।

ਪੱਗਾਂ ਵੀ ਗਿੱਲਾਂ ਹੁਣ
ਥੋੜੀਆਂ ਰਹਿ ਗਈਆਂ
ਕਿੰਨਾ ਚਿਰ ਲਿੱਬਣ-ਗੀਆਂ

ਚੁੱਕ ਕਲਮ ਨੂੰ ਲਿਖ ਦੇ ਚਿੱਠੀ
ਕਿਤੇ ਭਿੰਡਰਾਂਵਾਲੇ ਨੂੰ
ਨਹੀਂ ਤਾਂ ਅਦਾਲਤਾਂ ਵੀ ਆਏ ਦਿਨ
ਨਵੀਂ ਤਾਰੀਕ ਮਿੱਥਣ-ਗੀਆਂ।

*

'ਤਾਗ ਤੀਜਾ'

ਕਮ ਹੈ ਤੇਰੀ ਬਾਰਾਤ ਕੀ
ਬਾ-ਖੂਬਸੂਰਤੀਆਂ..

ਤੂੰ ਦੇਖਨਾ ਮੇਰਾ ਜਨਾਜਾ
ਜੰਨਤੇ ਜੂਮ ਜਾਏਂ-ਗੀ।

*

ਹੋ ਗਈ ਜਵਾਨ

ਅੱਜ ਹੀਰ ਦੇਸ਼ ਦੀ
ਨਾ ਸੋਹਣਾ ਮੁੱਖ
ਨਾ ਸਰੀਰ ਦੇਖਦੀ
ਬੱਚ ਕੇ ਤੂੰ ਵੀ
ਕਰੀਂ ਡੀਲ ਗਿੱਲਾਂ
ਇਸ਼ਕੇ ਦੀ ਮੰਡੀ ਚੋਂ
ਉਹ ਜਮੀਰ ਨਹੀਂ
ਜਾਗੀਰ ਦੇਖਦੀ।

*

ਵਿੱਚ ਬਚਪਨ ਦੇ ਮਾਂ ਤੁਰਜੇ

ਬਾਪੂ ਲੰਗੜਾ ਹੋ ਜਾਂਦਾ
ਲਾਡਾਂ ਦੀ ਬਰਾਤ ਹੈ ਮੁੜਦੀ
ਭੁੱਖ ਨੂੰ ਭੰਗੜਾ ਹੋ ਜਾਂਦਾ
ਪਰਛਾਵਾਂ ਪਤੀ ਦਾ ਕੀ ਹੁੰਦਾ
ਕੋਈ ਪੁੱਛ ਕੇ ਦੇਖੇ ਰੰਡੀ ਤੋਂ
ਵਿਆਹ ਜਿੰਨਾ ਚਾਅ ਹੁੰਦਾ ਏ
ਕਿਸਾਨਾਂ ਨੂੰ ਬਿਜਾਈ ਦਾ
ਉਨਾਂ ਈ ਖੁਸ਼ ਆਵੇ ਰੱਬਾ
ਡਾਹਡਾ ਕਿਧਰੇ ਮੰਡੀ ਤੋਂ।

*

ਜਹਿਰ- ਏ- ਇਸ਼ਕ ਹੈ

ਤੇਰੀ ਸਾਦਗੀ ਕਾ
ਓਰ ਯੇਹ ਦਿਲ ਤੋਂ
ਸ਼ੈਤਾਨ ਦਾ ਘਰ ਹੈ।

*

ਦੋ ਤਰਫੀ ਜਿਹੀ ਜਿੰਦਗੀ ਦਿੱਤੀ

ਦਿੱਤੀਆਂ ਖੁਸ਼ੀਆਂ ਅਤੇ ਤਸੱਲੀਆਂ
ਦੇਖ ਲੈ ਨੀਲੇ ਆਸਮਾਨ ਵਾਲਿਆ
ਸਿੱਲੀਆਂ ਹੋ ਹਵਾਵਾਂ
ਅੱਜ ਫੇਰ ਵਤਨ ਨੂੰ ਚੱਲੀਆਂ

*

ਮੈਂ ਮਸ਼ਹੂਰ ਹੋ ਜਾਣਾ

ਇਸ ਗੱਲ ਦਾ ਤਾਂ
ਗਰੂਰ ਰਹਿੰਦਾ ਏ,
ਚਾਰ ਮੋਢਾ ਦੇਣ ਨੂੰ ਖੜੇ ਨੇ
ਇਸ ਗੱਲ ਦਾ ਤਾਂ ਸਰੂਰ ਰਹਿੰਦਾ ਏ,

ਜਿੱਨਾਂ ਮਰਜੀ ਹੋ ਜਾਵਾਂ
ਨੇੜੇ ਰੂਹਾਂ ਦੇ
ਪੈ ਜਾਣੀ ਦੂਰੀ ਏ
ਬੱਸ ਯਾਰਾਂ ਲਈ ਮਰ ਜਾਣਾ
ਗਿੱਲਾਂ ਯਾਰੀ ਮਜਬੂਰੀ ਏ।

*

ਇਹ ਜਮਾਨਾ ਦਹਿਸ਼ਤਗਰਦੀ ਦਾ

ਜਿਹੜੇ ਧੋਣਾਂ ਵੱਡਦੇ ਨੇ
ਮਸਲਾ ਭਾਰੀ ਪੈਂਦਾ
ਪੈਸੇ ਦੀਆਂ ਭੁੱਖਾਂ ਤੇ

ਸਾਹ ਸੋਖੇ ਰਹਿਣਗੇ
ਜੇ ਹੱਸ ਕੱਟੇਗਾ
ਮੋਤ ਨੇ ਵੀ ਤਰਸ ਨਹੀਂ ਖਾਣਾ
ਬੰਦਿਆ
ਤੇਰਿਆਂ ਦੁੱਖਾਂ ਤੇ।

*

ਬੰਨਿਆਂ ਤੇ ਹੁੰਦੀਆਂ ਨੇ ਰਾਤਾਂ ਗੁਜਾਰੀਆਂ

ਐਵੇਂ ਮਾਲਕ ਨਹੀਂ ਬਣ ਜਾਂਦੇ
ਉਹ ਵੱਡੀਆਂ ਜਮੀਰਾਂ ਦੇ,

ਕਿਸਮਤ ਦੀਆਂ ਲਕੀਰਾਂ ਨਹੀਂ ਹੁੰਦੀਆਂ
ਕਿਉਂਕਿ ਹੱਥ ਘੱਸੇ ਹੁੰਦੇ ਨੇ
ਅਮੀਰਾਂ ਦੇ।

*

ਸਮੇਂ ਬਦਲ ਜਾਂਦੇ ਨੇ

ਹਾਲਾਤ ਬਦਲ ਜਾਂਦੇ ਨੇ
ਲੋੜਾਂ ਬਦਲ ਜਾਂਦੀਆਂ
ਵਪਾਰ ਬਦਲ ਜਾਂਦੇ ਨੇ,
ਘਰ ਬਦਲ ਜਾਂਦੇ ਨ
ਘਰਾਂ ਵਿੱਚ ਵਸਦੇ
ਲੋਕ ਬਦਲ ਜਾਂਦੇ ਨੇ
ਲੋਕਾਂ ਦਾ ਬਦਲਣਾ ਤਾਂ
ਆਮ ਗੱਲ ਹੈ
ਦੁੱਖ ਬੜਾ ਲੱਗਦਾ ਜੱਦ
ਯਾਰ ਬਦਲ ਜਾਂਦੇ ਨੇ।

*

ਹਰਫ ਇਸ਼ਕ ਦੇ ਲਿੱਖ ਕੇ , ਗਾ ਕੇ

ਹੰਝੂ ਨਿੱਕਲ ਜਾਂਦੇ ਨੇ
ਫਿਰ ਦਿਲ ਨੂੰ ਲੱਗਦਾ ਖੁਸ਼ ਹੀ ਹੋਵੇਗੀ
ਫੋਟੋ ਉਤੇ ਹੱਸਦਾ ਚੇਹਰਾ
ਮੇਰੇ ਕੋਲ ਸਬੂਤ ਏ

ਉਸ ਫੁੱਲਾਂ ਵਰਗੀ ਕੋਮਲ ਲਈ
ਗਿੱਲ ਦਾ ਜਿਗਰਾ ਹਜੇ ਮਜਬੂਤ ਏ।

*

ਜਿੰਦਗੀ ਲੁਹਾਰਾਂ ਦੀ ਹੁੰਦੀ

ਲੋਹੇ ਨਾਲ ਘੁਲਣਾ
ਕੰਮ ਹਵਾ ਦਾ
ਹੁੰਦਾ ਰੁੱਖਾਂ ਉੱਤੇ ਝੂਲਣਾ।

ਇੱਕ ਹੋਰ ਜਿੰਦਗੀ ਦਾ ਹਾਲ ਸੁਣਾਵਾਂ ਜੇ
ਹਵਾਵਾਂ ਜੀਹਤੇ ਬਣ
ਚੱਲੀਆਂ ਨੇ ਹਨੇਰੀਆ..
ਫਿਰ ਵੀ ਤੂੰ ਲਾਈ ਜਾਂਦਾ
ਜੱਗ ਉਤੱ ਮੇਲੇ
ਵਾਹ ਉਏ ਵਾਹ ਜੱਟਾ
ਕਿਆ ਬਾਤਾਂ ਨੇ ਬਈ ਤੇਰੀਆਂ।

*

ਗੱਲ ਅੱਜ ਚੇਤੇ ਆਈ

ਕਿੰਨੇ ਵਰੇ ਬਾਅਦ ਏ
ਮਿਲਣ ਤੂੰ ਆਉਂਦੀ ਸੀ
ਖੇਤਾਂ ਵਿੱਚ ਯਾਦ ਏ।
ਆਵਾਜ ਉਹੋ ਖੂਹ ਤੇ ਖੜ
ਮਾਰੀ ਨਹੀਉਂ ਭੁੱਲਦੀ
ਸੋਹਣਾ ਜਿਹਾ ਸੂਟ ਪਾ ਕੇ
ਮਿਲਣ ਤੂੰ ਆਉਂਦੀ ਸੈਂ..
ਹਵਾ ਵਿੱਚ ਉਡੱਦੀ ਫੁੱਲਕਾਰੀ ਨਹੀਉਂ ਭੁੱਲਦੀ।

*

ਮੈਂ ਭਗਤ ਸਿੰਘ ਦਾ ਵੀਰ ਕਹਾਉਂਦਾ

ਫਿਰ ਵੀ ਆਮ ਜਿਹਾ
66 ਸਾਲ ਵੀ ਉਥੇ ਹੀ ਹਾਂ
ਅੰਗਰੇਜੀ ਗੁਲਾਮ ਜਿਹਾ

15 ਅਗਸਤ ਤਾਂ ਬੱਸ ਤੜਫਾਉਂਦੀ ਹੈ
ਉਸ ਵਿਛੜੇ ਸਰਦਾਰ ਨੂੰ
ਮੈਂ ਤਾਂ ਅੱਜ ਵੀ ਆਜਾਦੀ ਦੀ ਉਮੀਦ ਚ ਹਾਂ
ਵਧਾਈ ਦਿੰਦਾਂ ਹਾਂ ਭਾਰਤ ਸਰਕਾਰ ਨੂੰ।

*

ਰੇਗਿਸਤਾਨ ਜਿਹੀ ਧਰਤੀ ਵਾਂਗੂ

ਪਾਣੀ ਦੀ ਇੱਕ ਬੂੰਦ ਲਈ ਤੜਫ ਰਿਹਾ

ਗਿੱਲ ਲਈ ਤੇਰਾ ਵੀ ਕਦੇ ਤਰਸ
ਜਾਵੇ ਜਾਗ ਨੀ
ਪੜੀ ਕਿਤੇ ਕੱਲੀ ਬਹਿ ਕੇ
ਇਹੋ-ਜਿਹੇ ਤੇਰੇ ਲਈ
ਲਿਖ ਮੈਂ ਹਰਫ ਰਿਹਾਂ

*

ਸੁਪਨੇ ਚ ਆ ਕੇ ਸੀ

ਗੁੱਝੇ ਭੇਦ ਖੋਲ ਰੋਈ
ਚਿਰਾਂ ਦੀ ਮੁਹੱਬਤ ਦੇ
ਉਲਝੇ ਬਬਾਲਾਂ ਤੇ
ਹੱਕ ਜਿਹਾ ਜਿੱਤਾ ਕੇ
ਵਿਵਾਦ ਕਰਦੀ ਲੱਗਦੀ ਏ,

ਵਹਿਮ ਜਿਹਾ ਪਾ ਗਈ ਸੀ
ਕਿ ਮੁੜ ਕੇ ਨਹੀਂ ਆਉਣਾ
ਲੱਗਦਾ ਏ ਗਿੱਲਾਂ ਅੱਜ..

ਯਾਦ ਕਰਦੀ ਲੱਗਦੀ ਏ।

*

ਨਿੱਘਾ ਪਿਆਰ ਸਰੋਤੇ ਉਦੋਂ ਦੇਣਗੇ

ਛੁਪੇ ਰੁਸਤਮ ਬਾਂਗ ਜਦੋਂ ਦੇਣੀ ਏ
ਸਟੇਜ ਉਤੇ ਫੋਟੋ ਖਿਚਵਾਉਂਣ ਦੀ
ਦਿਲ ਵਿੱਚ ਰੀਝ ਤਾਂਘ ਲੈਣੀ ਏ,

ਸੁਰਖੀਆਂ ਚ ਨਾਮ ਮੇਰਾ ਆਉਗਾ
ਤੂੰ ਅਖਵਾਰ ਸਾਂਭ ਲੈਣੀ ਏ।

*

ਰੱਬ ਦੀ ਬਰੀਕ ਸੁੰਦਰਤਾ ਨੂੰ

ਕਿਉਂ ਨੁਕਸਾਨ ਜਿਹਾ ਦੇ ਰਿਹਾ
ਜਿਹੜੀ ਕੁੱਖ ਵਿਚੋਂ ਹੱਥ ਮੀਚ ਰਹੀ
ਉਹਦੇ ਅੰਧੇ ਸਾਹਾਂ ਨੂੰ
ਕਿਉਂ ਕਰ ਕਲੀਚ ਰਿਹਾ।

*

ਸ਼ਬਦਾਂ ਦਾ ਪਰਛਾਵਾਂ ਵੀ

ਤੇਰਾ ਰੂਪ ਧਾਰ ਲਵੇ
ਜੱਦ ਸਿਆਹੀ ਕਾਲੇ ਰੰਗ ਦੀ ਵਿੱਚ
ਮੇਰੇ ਹੰਝੂ ਘੁਲਦੇ ਨੇ।

*

ਕਿੰਨੇ ਦਿਨ ਤੇ ਕਿੰਨੀਆਂ ਰਾਤਾਂ

ਕਿੰਨੇ ਹੁੰਗਾਰੇ ਤੇ ਕਿੰਨੀਆਂ ਬਾਤਾਂ
ਜਰਬ ਕਰਕੇ ਵੇਖ ਖਲੋਇਆ
ਹਾਲੇ ਤੱਕ ਤਾਂ ਵਾਪਿਸ ਸੂਦ ਨਾ ਹੋਇਆ
ਐਨਾ ਕਰਜਾ ਮਾਰ ਛੜੱਪੇ
ਸਿਰ ਨੂੰ ਚੜਦਾ ਜਾ ਰਿਹੈਂ

ਪਿਆਰ ਤੇਰੇ ਦਾ ਖਾਤਾ ਨੀ
ਹੁਣ ਭਾਂਡੇ ਚ ਵੜਦਾ ਜਾ ਰਿਹੈਂ।

*

ਇਹ ਤਾਂ ਪਤਾ ਨਹੀਂ ਕਿ

ਆਜਾਦ ਹਾਂ ਕਿ ਆਬਾਦ ਹਾਂ
ਲੇਕਿੰਨ ਇੰਨਾ ਜਰੂਰ ਪਤਾ ਹੈ
ਪਿੰਜਰਾ ਥੋੜਾ ਵੱਡਾ ਹੋ ਗਿਆ ਏ।
ਡੁਪਲੀਕੇਟ ਫਰੀਡਮ!

*

ਕਿੰਨਾ ਬੋਝ ਹੋਵੇਗਾ ਰੂਹ ਉਤੇ

ਉਹਦੇ ਡੁੱਬਦਿਆਂ ਸਾਰ ਹੀ
ਲਾਸ਼ ਹੁਣ ਤਰ ਆਈ ਏ

ਇੱਕ ਹੋਰ ਸਿਆਪਾ ਸਿਆਸਤ ਦਾ
ਦੇਖ ਗਰੀਬੀ ਕਰ ਆਈ ਏ।

*

ਮਰਦਾ ਰਿਹਾ ਮੈਂ ਚੰਗੀ ਜਿੰਦਗੀ ਦੀ ਭਾਲ ਵਿੱਚ

ਜੱਦ ਜਿਊਣਾ ਆਇਆ ਤਾਂ ਜਿੰਦਗੀ ਹੀ ਮੁੱਕ ਗਈ।

*

ਮੈਂ ਸਰਦਾਰ ਹਾਂ ਤੇਰੇ ਸੁਪਨਿਆਂ ਦਾ

ਪੱਗ ਬੰਨ ਕੇ ਆਵਾਂਗਾ

ਤੂੰ ਲਿਖਤ ਮੇਰੀ ਬਣ ਤਾਂ ਸਹੀ
ਤੇਰੇ ਲਈ ਗਾਵਾਂਗਾ।

*

ਕੀ ਹੋਇਆ ਜੇ ਖੇਤ ਮੇਰੇ ਨੂੰ

ਰਾਹ ਜਾਂਦੇ ਨੇ ਕੱਚੇ ਨੀ,
ਇਹਨਾਂ ਰਾਹਾਂ ਤੇ ਚੱਲਣ ਵਾਲੇ
ਹੁੰਦੇ ਅਕਸਰ ਦਿਲ ਦੇ ਸੱਚੇ ਨੀ,

ਤੇਰਾ ਤਾਂ ਕੁੜੀਏ ਮੁੱਢ ਕਦੀਮੋਂ
ਰਿਹਾ ਝੂਠ ਨਾਲ ਪਾਲਾ ਏ
ਕਿੱਦਾਂ ਯਕੀਨ ਕਰਦਾ ਨੀ ਮੈਂ
ਤੇਰੇ ਚਿੱਟੇ ਵਾਅਦਿਆਂ ਤੇ
ਤੇਰੇ ਤਾਂ ਜਿਹੜਾ ਸ਼ਹਿਰ ਨੂੰ ਜਾਂਦਾ
ਉਸ ਰਾਹ ਦਾ ਰੰਗ
ਹੀ ਕਾਲਾ ਏ।

*

ਉਡਦੇ ਖੰਭਾਂ ਦੀਆਂ

ਰੰਗ ਬਿਰੰਗੀਆਂ
ਡਾਰਾਂ ਫੜਦੀ ਸੀ

ਕੀ ਪਤਾ ਸੀ ਗਿੱਲਾਂ
ਰੰਗਾਂ ਵਿਚੋਂ ਹੀ
ਰੰਗ ਬਦਲਣ ਦੀਆਂ
ਘਾੜਾਂ ਘੜਦੀ ਸੀ।

*

ਉਸ ਨਾਦਾਨ ਆਯੂ ਮੇਂ

ਹਸਰਤ ਨਹੀਂ ਥੀ
ਨਹੀ ਤੋ
ਤੇਰੇ ਇਸ਼ਕ ਕੋ ਇਸ ਤਰਾਂ ਨਿਭਾਤੇ
ਕਿ
ਨਿਭਾਨੇ ਸੇ ਹੀ
ਨਾਤਾ-ਏ-ਮੌਤ ਜਿੰਦਗੀ ਬਨ ਜਾਤਾ,

*

'ਜਿਹੜੀ ਮਤਲਬ ਲਈ ਜਿੰਦਗੀ ਜਿਉਂਦੇ ਨੇ

ਮਤਲਬ ਉਹਨਾਂ ਦੀ ਜਿੰਦਗੀ ਦਾ ਤਲਬ ਨਹੀਂ ਹੁੰਦਾ'

*

ਕਫਨ ਮੇ ਤੋ ਲਿਪਟ ਕਰ

ਹਮ ਭੀ ਜਾਏਂਗੇ
ਤੇਰੇ ਸ਼ਹਿਰ ਸੇ ਨਿਕਲੇਂਗੇ ਹਮ

ਚਾਹਨੇ ਵਾਲੋਂ ਕੀ ਲੰਬੀ ਬਾਰਾਤ ਹੋਗੀ

ਤਾਰੇ ਭੀ ਹਸੇਂਗੇ ਤੇਰੇ ਹਸ਼ਰ ਪਰ
ਐਸੀ ਆਧੁਨਾਇਕ ਰਾਤ ਹੋਗੀ।

*

ਦੁਆ ਹੈ ਤੁਜਸੇ ਕਿ

ਦੁਆ ਬਨਜਾ ਹਮਾਰੀ
ਹਮੇ ਦੁਆ ਕੇ ਲਿਏ ਭੀ
ਤੂਝੇ ਚਾਹਨਾ ਮਿਲੇ।

*

ਕੰਧ ਤੇਰੀ ਝੂਠ ਵਾਲੀ


ਤਾਕੀ ਕੱਢ ਬਹਿ ਗਿਆ
ਨੀ
ਸੱਚ ਮੇਰਾ ਕੱਚ ਵਰਗਾ।

*

ਵੋਹ ਬਾਤ ਹਮ ਸੇ ਨਾ ਕਰਤੇ ਹੈ

ਉਨਕਾ ਕਿਆ ਕਸੂਰ
ਵੋਅ ਔਕਾਤ ਪੇ ਜੋ ਮਰਤੇ ਹੈਂ

ਆਕਾਸ਼ ਕੇ ਆਂਗਨ ਮੇ ਸੋਤੇ ਹੈ
ਜੀਤੇ ਹੈਂ ਖੁਲੀ ਆਖੋਂ ਸੇ
ਕਮ ਹੋ ਰਹੇ ਹੈਂ
ਸ਼ੋਹਰਤ ਕੇ ਦੀਵਾਨੇ
ਗਰਵ ਸੇ ਛੋਕ ਹੈ ਕਿ
ਤਾਦਾਦ ਬੜਤੀ ਹੈ ਲਾਖੋਂ ਸੇ।


Word Counter
Characters: 34030
Words: 8843
Sentences: 332
Paragraphs: 1989
Text objects: 122
Stories: 9
Close